# ਤੱਤੀ ਤਵੀ

## ਸੀਨ 1

ਬਾਬਾ : ਤੱਤੀ ਤਵੀ ਉਸ ਸ਼ਹਾਦਤ ਦੀ ਪ੍ਰਤੀਕ ਹੈ, ਜਿਸ ਨੂੰ ਸੱਚ ਦੇ ਆਸ਼ਕ ਮੌਤ ਦੀ ਸ਼ਕਲ ਵਿਚ ਕਬੂਲਦੇ ਨੇ। ਤੱਤੀਆਂ ਤਵੀਆਂ, ਸਲੀਬਾਂ ਮਨੁੱਖ ਦੇ ਇਤਿਹਾਸ ਦਾ ਹਿੱਸਾ ਬਣ ਚੁੱਕੀਆਂ ਹਨ। ਸੱਚ ਨੂੰ ਇਤਿਹਾਸ ਦੇ ਹਰ ਦੌਰ ਵਿਚ ਤੱਤੀਆਂ ਤਵੀਆਂ 'ਤੇ ਬੈਠਣਾ ਪਿਆ ਹੈ ਅਤੇ ਸਲੀਬਾਂ ਨੂੰ ਚੁੰਮਣਾ ਪਿਆ ਹੈ। ਅੱਜ ਜਦੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਗਾਥਾ ਸੁਣਾਉਣ ਮੈਂ ਆਇਆ ਹਾਂ, ਜਿਸ ਦਾ ਸਿੱਧਾ ਸਬੰਧ ਤੱਤੀ ਤਵੀ ਨਾਲ ਹੈ ਤਾਂ ਮੇਰੇ ਸਾਹਮਣੇ ਉਹ ਅਨੇਕਾਂ ਤਵੀਆਂ ਹਨ, ਜਿਨਾਂ ਉਤੇ ਅੱਜ ਦੇ ਯੁੱਗ ਵਿਚ ਵੀ ਸੱਚ ਦੇ ਆਸ਼ਕਾਂ ਨੂੰ ਬੈਠਣਾ ਪੈਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਵੇਲੇ ਸੰਘਰਸ਼ ਦੋ ਤਾਕਤਾਂ ਦਾ ਸੀ। ਇਕ ਤਾਕਤ ਪ੍ਰਿਥੀਚੰਦ ਦੀ ਸੀ ਤੇ ਇਕ ਤਾਕਤ ਗੁਰੂ ਅਰਜਨ ਦੇਵ ਜੀ ਦੀ ਸੀ। ਦੋਨੋਂ ਚੌਥੇ ਗੁਰੂ ਦੇ ਸਾਹਿਬਜ਼ਾਦੇ ਸਨ। ਦੋਨੋਂ ਇਕੋ ਮਾਂ ਦੀ ਕੁੱਖ ਤੋਂ ਜਾਏ ਸਨ। ਇਕ ਸੱਚ ਦਾ ਆਸ਼ਕ 'ਭਾਣਾ ਮਿੱਠਾ ਮੰਨ ਕੇ' ਇਤਿਹਾਸ ਵਿਚ ਇਕ ਅਮਿੱਟ ਥਾਂ ਛੱਡ ਗਿਆ। ਇਕ ਪੈਸੇ ਦੇ ਲਾਲਚ ਵਿਚ ਕਾਲਖ ਦਾ ਵਣਜਾਰਾ ਹੋ ਨਿਬੜਿਆ। ਇਕ ਦੀ ਯਾਦ ਵਿਚ ਲੋਕ ਠੰਡੀਆਂ ਲੱਸੀਆਂ ਦੀਆਂ ਛਬੀਲਾਂ ਲਗਾਉਂਦੇ ਨੇ ਤੇ ਦੂਜੇ ਦੀ ਯਾਦ ਨੂੰ ਲੋਕ ਲਾਅਨਤ ਪਾਉਂਦੇ ਨੇ। ਅੱਜ ਅਸੀਂ ਵੀ ਆਪਣੀ ਧਿਰ ਚੁਣੀਏ। ਜੇ ਮੈਂ ਆਖਾਂ ਤੁਸੀਂ ਕਿਹੜੀ ਧਿਰ ਦੇ ਹੋ ਤਾਂ ਅਸੀਂ ਇਕ ਆਵਾਜ਼ ਹੋ ਕੇ ਕਹਾਂਗੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਧਿਰ ਦੇ ਹਾਂ। ਪਰ ਜਦੋਂ ਅਸਲ ਦੀ ਗਲ ਹੋਵੇਗੀ ਤਾਂ ਸਾਡੇ ਵਿਚੋਂ ਬਹੁਤੇ ਪ੍ਰਿਥੀ ਚੰਦ ਦੀ ਧਿਰ ਦੇ ਹੋ ਨਿੱਬੜਾਂਗੇ। ਸਾਨੂੰ ਆਪਣੇ ਭਰਾਵਾਂ ਨਾਲ ਈਰਖਾ ਹੋਵੇਗੀ।

ਆਪਣੇ ਮਤਲਬ ਲਈ ਅਸੀਂ ਭਰਾ ਮਾਰ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕਰਾਂਗੇ। ਤੁਸੀਂ ਕਹੋਗੇ ਮੈਂ ਕੌਣ ਹਾਂ ? ਮੈਂ ਇਕ ਬੁੱਢਾ ਦਰਵੇਸ਼ ਹਾਂ, ਮੈਨੂੰ ਇਤਿਹਾਸ ਵੀ ਕਹਿੰਦੇ ਨੇ, ਸਮੇਂ ਦੀ ਆਵਾਜ਼ ਵੀ ਕਹਿੰਦੇ ਨੇ ,ਜੋ ਕਲ ਹੋਇਆ ਹੈ, ਉਹ ਵੀ ਮੇਰੇ ਸੀਨੇ 'ਤੇ ਲਿਖਿਆ ਹੈ, ਜੋ ਅੱਜ ਹੋ ਰਿਹਾ ਹੈ, ਉਹ ਵੀ ਮੈਂ ਵੇਖ ਰਿਹਾ ਹਾਂ ਤੇ ਜੋ ਕੁਝ

ਹੋਣ ਵਾਲਾ ਹੈ, ਉਸ ਦਾ ਅਨੁਮਾਨ ਵੀ ਮੈਂ ਲਾ ਸਕਦਾ ਹਾਂ। ਅੱਜ ਜਦੋਂ ਮੈਂ ਤੁਹਾਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਗਾਥਾ ਨਾਟਕ ਦੇ ਰੂਪ ਵਿਚ ਸੁਣਾਉਣੀ ਹੈ ਤਾਂ ਜਿਥੇ ਮੇਰੇ ਹੋਰ ਪਾਤਰ ਦਿੱਲੀ ਦਾ ਬਾਦਸ਼ਾਹ ਜਹਾਂਗੀਰ, ਲਾਹੌਰ ਦਾ ਸੂਬਾ, ਚੰਦੂ ਆਦਿ ਹਨ, ਉਥੇ ਇਕ ਪਾਤਰ ਭਾਈ ਸੁਥਰਾ ਵੀ ਹੈ। ਸਾਧਾਰਨ ਭੋਲਾ ਭਾਲਾ ਬੰਦਾ, ਹਰ ਗਲ ਮੂੰਹ 'ਤੇ ਸੱਚ ਕਹਿ ਦੇਂਦਾ ਏ, ਭਾਵੇਂ ਕਿਸੇ ਨੂੰ ਬੁਰਾ ਹੀ ਲੱਗੇ ਤੇ ਖ਼ੂਬੀ ਇਹ ਹੈ ਕਿ ਇਹ ਵੀ ਇਤਿਹਾਸ ਵਿਚ ਹਰ ਵੇਲੇ ਮੇਰੇ ਨਾਲ ਹੀ ਰਿਹਾ ਹੈ, ਜਿਸ ਤਰ੍ਹਾਂ ਭਾਈ ਮਰਦਾਨਾ ਹਰ ਉਦਾਸੀ ਤੇ ਗੁਰੂ ਨਾਨਕ ਨਾਲ ਰਿਹਾ ਹੈ।

*(ਹਨੇਰਾ)*

## ਸੀਨ 2

ਪਾਤਰ : ਬਾਬਾ ਤੇ ਭਾਈ ਸੁਥਰਾ

*(ਭਾਈ ਸੁਥਰਾ ਦਾਖ਼ਲ ਹੁੰਦਾ ਹੈ। ਉਹ ਸਿੱਧੇ ਸਾਦੇ ਲਿਬਾਸ ਵਿਚ ਹੈ)*

ਭਾਈ ਸੁਥਰਾ : ਕੀ ਗੱਲ ਏ ਬਾਬਾ ਜੀ, ਅੱਜ ਇਹ ਕਾਹਦੀ ਭੀੜ ਕੱਠੀ ਕੀਤੀ ਹੋਈ ਜੇ?

ਬਾਬਾ : ਭਾਈ ਸੁਥਰਿਆ, ਅੱਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਾ ਗੁਰਪੁਰਬ ਏ, ਇਸ ਲਈ ਇਹਨਾਂ ਨੂੰ ਤੱਤੀ ਤਵੀ ਦਾ ਇਤਿਹਾਸ ਪਿਆ ਦੱਸਦਾ ਹਾਂ।

ਭਾਈ ਸੁਥਰਾ : ਬਾਬਾ ਜੀ ਇਹਨਾਂ ਨੂੰ ਤੱਤੀ ਤਵੀ ਦਾ ਇਤਿਹਾਸ ਕੀ ਦੱਸਣਾ ਹੋਇਆ, ਇਹਨਾਂ ਨੂੰ ਕੱਚੀ ਲੱਸੀ ਦਾ ਇਤਿਹਾਸ ਦੱਸੋ... ਉਹ ਸਾਹਮਣੇ ਸਰਦਾਰ ਜੀ ਖਲੋਤੇ ਨੇ।

ਬਾਬਾ : ਉਹ, ਜਿਹੜੇ ਕੁਝ ਔਖੇ ਔਖੇ ਲਗਦੇ ਨੇ।

ਭਾਈ ਸੁਥਰਾ : ਔਖੇ ਤਾਂ ਹੋਣਾ ਹੋਇਆ, ਸਵੇਰ ਦੇ ਦਸ ਗਲਾਸ ਕੱਚੀ ਲੱਸੀ ਦੇ ਮਿੱਠਾ ਪਰਖਦੇ ਪਰਖਦੇ ਹੀ ਪੀ ਗਏ ਨੇ

ਬਾਬਾ : ਭਾਈ ਸੁਥਰਿਆ, ਕਿਸੇ ਦਾ ਖਾਧਾ ਪੀਤਾ ਨਹੀਂ ਚਿਤਵੀਦਾ, ਇਹ ਚੰਗਾ ਨਹੀਂ ਹੁੰਦਾ।

ਭਾਈ ਸੁਥਰਾ : ਬਾਬਾ ਜੀ, ਕਿਸੇ ਦਾ ਨਹੀਂ ਚਿਤਵੀਦਾ। ਪਰ ਜੇਕਰ ਕੋਈ ਦੂਜਿਆਂ ਦਾ ਹਿੱਸਾ ਪੀ ਜਾਵੇ ਤਾਂ ਚਿਤਵਣਾ ਹੀ ਪੈਂਦਾ ਹੈ ਤੇ ਬਾਬਾ ਜੀ ਇਹ ਗੱਲ ਇਹਨਾਂ ਸਰਦਾਰ ਜੀ ਦੀ ਨਹੀਂ, ਬਹੁਤਿਆਂ ਦੀ ਫਿਤਰਤ ਏ ਦੂਜਿਆਂ ਦਾ ਹਿੱਸਾ ਖਾਣ ਦੀ ਤੇ ਇਸੇ ਕਰਕੇ ਤੁਹਾਨੂੰ ਹਰ ਥਾਂ

’ਤੇ ਵਿਤਕਰਾ ਹੀ ਵਿਤਕਰਾ ਦਿੱਸਦਾ ਹੈ।

ਬਾਬਾ : ਕੀ ਮਤਲਬ ?

ਭਾਈ ਸੁਥਰਾ : ਬਾਬਾ ਜੀ 50 ਸਾਲਾਂ ਦੀ ਅਜ਼ਾਦੀ ਦੇ ਬਾਅਦ ਇਕ ਪਾਸੇ ਕੱਚੇ ਢਾਰੇ ਉਸੇ ਤਰ੍ਹਾਂ ਹੀ ਰਹਿਣ, ਪਰ ਦੂਜੇ ਪਾਸੇ ਮਹਿਲਾਂ ਦੇ ਮਹਿਲ ਉਸਰ ਜਾਣ ਤਾਂ ਬਹੁਤ ਕੁਝ ਚਿਤਵਣਾ ਹੀ ਪੈਂਦਾ ਹੈ।

ਬਾਬਾ : ਤੂੰ ਤਾਂ ਭਾਈ ਸੁਥਰਿਆ ਅੱਜ ਸਿਆਸੀ ਬੰਦਾ ਹੋ ਗਿਆ ਏਂ।

ਭਾਈ ਸੁਥਰਾ : ਬਾਬਾ ਜੀ, ਇਹ ਸਿਆਸਤ ਨਹੀਂ, ਇਹ ਜ਼ਿੰਦਗੀ ਦਾ ਸੱਚ ਏ। ਤੁਸੀਂ ਹੀ ਸੋਚੋ ਜੇ ਕਿਸਾਨ 1947 ਤੋਂ ਬਾਅਦ ਅੱਜ ਆਪਣੇ ਖੇਤਾਂ ਵਿਚ 8 ਗੁਣਾ ਅਨਾਜ ਵੱਧ ਪੈਦਾ ਕਰ ਦੇਵੇ, ਪਰ ਉਹਦਾ ਜੀਵਨ ਪੱਧਰ ਇਕ ਤੋਂ ਸਿਰਫ਼ ਡੇਢ ਗੁਣਾ ਅੱਗੇ ਜਾਵੇ ਤਾਂ ਕੀ ਚਿਤਵਣਾ ਨਹੀਂ ਪੈਂਦਾ ਕਿ ਸਾਢੇ ਛੇ ਹਿੱਸੇ ਕੌਣ ਖਾ ਗਿਆ ?

ਬਾਬਾ : ਪਰ ਤੂੰ ਤਾਂ ਗਲ ਕੱਚੀ ਲੱਸੀ ਦੀ ਕਰ ਰਿਹਾ ਸੀ ?

ਭਾਈ ਸੁਥਰਾ : ਆਹੋ ਬਾਬਾ ਜੀ, ਗੱਲ ਤਾਂ ਕੱਚੀ ਲੱਸੀ ਦੀ ਏ, ਜੇਕਰ ਕਿਸੇ ਦੀ ਲੋੜ ਹੋਵੇ ਇਕ ਗਲਾਸ ਦੀ, ਤੇ ਪੀ ਜਾਵੇ 10 ਗਿਲਾਸ ਤਾਂ ਇਹ ਚਿਤਵਨਾ ਹੀ ਪੈਂਦਾ ਏ ਕਿ ਉਹ ਗਿਲਾਸ ਕਿਸਦੇ ਹਿੱਸੇ ਦੇ ਡਕਾਰ ਗਿਆ ਏ ? ਜਦੋਂ ਕੋਈ ਮਹਿਲ ਉਸਰਦਾ ਏ, ਜਦੋਂ ਹੋਟਲਾਂ ਦੇ ਹੋਟਲ ਬਣਦੇ ਨੇ, ਜਿਥੇ ਇਕ ਰਾਤ ਵਿਚ ਹਜ਼ਾਰਾਂ ਲੱਖਾਂ ਰੁਪਏ ਅਯਾਸ਼ੀ ਵਿਚ ਬਰਬਾਦ ਕਰ ਦਿੱਤੇ ਜਾਂਦੇ ਹਨ, ਹੋਰ ਕਿਧਰੋਂ ਨਹੀਂ ਆਉਂਦੇ, ਇਹਨਾਂ ਢਾਰਿਆਂ ਵਾਲਿਆਂ ਦਾ ਹਿੱਸਾ ਹੀ ਡਕਾਰਿਆ ਜਾ ਰਿਹਾ ਹੁੰਦਾ ਹੈ ਤੇ ਬਾਬਾ ਜੀ ਇਹ ਚਿਤਵਣਾ ਹੀ ਤੱਤੀ ਤਵੀ ਦਾ ਇਤਿਹਾਸ ਹੈ। ਸਾਡੇ ਗੁਰੂ ਇਸ ਲਈ ਤਾਂ ਤੱਤੀ ਤਵੀਆਂ ’ਤੇ ਨਹੀਂ ਬੈਠ ਗਏ ਸਨ ਕਿ ਇਥੇ ਇਕ ਐਸਾ ਸਮਾਜ ਬਣੇ ਜਿਥੇ ਚੋਰ ਉਚਕਾ ਚੌਧਰੀ ਹੋਵੇ ਤੇ ਗੁੰਡੀ ਰੰਨ ਪ੍ਰਧਾਨ ਹੋਵੇ।

ਬਾਬਾ : ਭਾਈ ਸੁਥਰਿਆ ਤੂੰ ਤਾਂ ਮੇਰੇ ਮੂੰਹ ਦੀ ਗਲ ਖੋਹ ਲਈ ਏ। ਇਹੋ ਤਾਂ ਮੈਂ ਇਹਨਾਂ ਨੂੰ ਦੱਸ ਰਿਹਾ ਸਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਜਾਂ ਉਨਾਂ ਦੀ ਜ਼ਿੰਦਗੀ ਦਾ ਇਤਿਹਾਸ ਝੂਠ ਤੇ ਸੱਚ ਦੀ ਟੱਕਰ ਦਾ ਇਤਿਹਾਸ ਹੀ ਤਾਂ ਏ। ਝੂਠ ਜਿਸ ਦੀ ਵਾਗਡੋਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਕੋਲ ਸੀ ਤੇ ਸੱਚ ਦਾ ਪੱਲਾ ਕੁਰਬਾਨੀ ਦੇ ਪੁਤਲੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੋਲ ਸੀ ਤੇ ਇਸ ਟੱਕਰ ਦਾ ਆਗਾਜ਼ ਉਸ ਵੇਲੇ ਤੋਂ ਹੋ ਗਿਆ ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਵਲੋਂ ਗੁਰਿਆਈ ਦੀ ਪਦਵੀ ਮਿਲੀ।

ਭਾਈ ਸੁਥਰਾ : ਤਾਂ ਬਾਬਾ ਜੀ ਅੱਜ ਸ਼ੁਰੂ ਹੀ ਉਥੋਂ ਕਰੋ, ਤਾਂ ਜੋ ਆਪਣੇ ਇਹਨਾਂ ਲੋਕਾਂ ਨੂੰ ਇਤਿਹਾਸ ਦਾ ਵੀ ਪਤਾ ਲੱਗੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਦਾ ਵੀ। ਲਾਹੌਰ ਦੀ ਘਟਨਾ ਤੋਂ ਸ਼ੁਰੂ ਕਰੋ।

ਬਾਬਾ : ਹਾਂ ਤੇ ਭਾਈ ਸੁਥਰਿਆ, ਲਾਹੌਰ ਵਿਚ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ ਸਹਾਰੀ ਮਲ ਦੇ ਪੁਤਰ ਦਾ ਵਿਆਹ ਸੀ ਤੇ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਨੂੰ ਆਉਣ ਲਈ ਸੁਨੇਹਾ ਭੇਜਿਆ। ਗੁਰੂ ਸਾਹਿਬ ਕਿਉਂਕਿ ਆਪ ਸਰੋਵਰ ਦੀ ਸੇਵਾ ਵਿਚ ਬੜੇ ਰੁੱਝੇ ਹੋਏ ਸਨ, ਉਨ੍ਹਾਂ ਨੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਜਾਣ ਲਈ ਕਿਹਾ। ਪ੍ਰਿਥੀਚੰਦ ਸੋਚਣ ਲੱਗਾ ਕਿ ਇਹ ਨਾ ਹੋਵੇ ਕਿ ਉਹ ਆਪਣੇ ਪਿਤਾ ਕੋਲੋਂ ਦੂਰ ਹੋਵੇ ਤਾਂ ਗੁਰੂ ਗੱਦੀ ਅਰਜਨ ਦੇਵ ਨੂੰ ਮਿਲ ਜਾਏ। ਬਹਾਨਾ ਬਣਾ ਕੇ ਕਹਿਣ ਲੱਗਾ ਕਿ ਪਿਤਾ ਜੀ ਮੇਰੀ ਵਿਹਲ ਕਿਥੇ ? ਇਥੇ ਆਇਆਂ ਗਿਆਂ ਦੀ ਲੰਗਰ ਪਾਣੀ ਦੀ ਸੇਵਾ ਦਾ ਕੰਮ ਹੁੰਦਾ ਏ, ਤੁਸੀਂ ਅਰਜਨ ਦੇਵ ਨੂੰ ਭੇਜ ਦੇਵੋ।

ਭਾਈ ਸੁਥਰਾ : ਫੇਰ ਗੁਰੂ ਜੀ ਉਹਦੀ ਗੱਲ ਮੰਨ ਗਏ ?

ਬਾਬਾ : ਸ੍ਰੀ ਗੁਰੂ ਰਾਮਦਾਸ ਜੀ ਭਾਵੇਂ ਉਹਦੀ ਨੀਅਤ ਤਾੜ ਗਏ ਪਰ ਫੇਰ ਵੀ ਉਹਨਾਂ ਨੇ ਉਹਦੀ ਗੱਲ ਮੰਨ ਲਈ ਅਤੇ ਸ੍ਰੀ ਗੁਰੂ ਅਰਜਨ ਦੇਵ ਨੂੰ ਲਾਹੌਰ ਘੱਲ ਦਿੱਤਾ ਤੇ ਨਾਲੇ ਤਾਕੀਦ ਕੀਤੀ ਕਿ ਉਹ ਉਨਾਂ ਚਿਰ ਵਾਪਸ ਨਾ ਆਵੇ ਜਦੋਂ ਤਕ ਉਹਨੂੰ ਵਾਪਸ ਆਉਣ ਦਾ ਆਦੇਸ਼ ਨਾ ਮਿਲੇ।

ਭਾਈ ਸੁਥਰਾ : ਤੇ ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਚਲੇ ਗਏ ?

ਬਾਬਾ : ਹਾਂ, ਉਹਨਾਂ ਨੇ ਪਿਤਾ ਦੇ ਹੁਕਮ ਦੀ ਪਾਲਣਾ ਕੀਤੀ ਤੇ ਲਾਹੌਰ ਚਲੇ ਗਏ। ਵਿਆਹ ਮੁੱਕ ਗਿਆ ਪਰ ਵਾਪਸ ਆਉਣ ਦਾ ਸੱਦਾ ਨਾ ਆਇਆ। ਉਡੀਕਦੇ ਰਹੇ, ਬਿਹਬਲ ਹੋ ਗਏ।

ਭਾਈ ਸੁਥਰਾ : ਲੈ ਬਿਹਬਲ ਕਿਉਂ ਹੋ ਗਏ, ਜਵਾਨ ਜਹਾਨ ਸਨ। ਅੱਜ ਕੱਲ ਤਾਂ ਜਵਾਨ ਪੁਤਰ ਸ਼ੁਕਰ ਕਰਦੇ ਨੇ ਕਿ ਪਿਤਾ ਦੀਆਂ ਨਜ਼ਰਾਂ ਤੋਂ ਓਹਲੇ ਹੋਈਏ।

ਬਾਬਾ : ਭਾਈ ਸੁਥਰਿਆ, ਉਹ ਪਿਤਾ ਸਾਧਾਰਨ ਪਿਤਾ ਨਹੀਂ ਸਨ, ਸੀ ਗੁਰੂ ਰਾਮਦਾਸ ਜੀ ਸਨ, ਜਿਨਾਂ ਦੇ ਕਦਮਾਂ ਵਿਚ ਬੈਠ ਕੇ ਅਰਜਨ ਦੇਵ ਭਗਤੀ ਮਾਰਗ 'ਤੇ ਚਲਣ ਦੀ ਸਿਖਿਆ ਲੈਂਦੇ ਸਨ ਤੇ ਨਾਲੇ ਉਹਨਾਂ ਦਿਨਾ ਵਿਚ ਅੰਮ੍ਰਿਤਸਰ ਦੀ ਉਸਾਰੀ ਦਾ ਵੀ ਕੰਮ ਹੋ ਰਿਹਾ ਸੀ ਤੇ ਸ੍ਰੀ ਗੁਰੂ ਅਰਜਨ ਦੇਵ ਉਹਦੇ ਵਿਚ ਹੱਥੀਂ ਕਿਰਤ ਕਰਕੇ ਆਪਣਾ ਹਿੱਸਾ ਪਾਉਂਦੇ ਸਨ। ਉਹਨਾਂ ਨੇ ਉਡੀਕ ਉਡੀਕ ਕੇ

ਕਵਿਤਾ ਦੀ ਸ਼ਕਲ ਵਿਚ ਗੁਰੂ ਜੀ ਵਲ ਇਹ ਪੱਤਰ ਲਿਖਿਆ।

ਭਾਈ ਸੁਥਰਾ : ਪੱਤਰ ਲਿਖਿਆ ? ਕੀ ਲਿਖਿਆ ?

ਬਾਬਾ : ਮੇਰਾ ਮਨ ਲੋਚੈ, ਗੁਰ ਦਰਸ਼ਨ ਤਾਈਂ
ਬਿਲਪ ਕਰੇ, ਚਾਤ੍ਰਿਕ ਦੀ ਨਿਆਈਂ
ਤ੍ਰਿਖਾ ਨਾ ਉਤਰੈ, ਸ਼ਾਤ ਨਾ ਆਵੈ
ਬਿਨ ਦਰਸ਼ਨ ਸੰਤ ਪਿਆਰੇ ਜੀਓ
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸ਼ਨ ਸੰਤ ਪਿਆਰੇ ਜੀ।

ਭਾਈ ਸੁਥਰਾ : ਤੇ ਕੀ ਇਹ ਚਿੱਠੀ ਗੁਰੂ ਜੀ ਤਕ ਪੁੱਜੀ ?

ਬਾਬਾ : ਨਹੀਂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸਿਖ ਦੇ ਹੱਥ ਭੇਜੀ, ਪਰ ਇਹ ਚਿੱਠੀ ਉਨਾਂ ਕੋਲ ਪਹੁੰਚਣ ਦੀ ਥਾਂ ਪ੍ਰਿਥੀ ਚੰਦ ਦੇ ਹੱਥ ਆ ਗਈ। ਉਸਨੇ ਪੜ੍ਹੀ ਤਾਂ ਇਹ ਖਤਰਾ ਹੋਰ ਪੱਕਾ ਹੋ ਗਿਆ ਕਿ ਇਹ ਵਿਯੋਗ ਦੀ ਚਿੱਠੀ ਜੇਕਰ ਗੁਰੂ ਜੀ ਨੂੰ ਮਿਲ ਗਈ ਤਾਂ ਉਹਦੀਆਂ ਸਾਰੀਆਂ ਵਿਉਂਤਾਂ ਅਸਫ਼ਲ ਹੋ ਜਾਣਗੀਆਂ। ਉਹਨਾਂ ਨੇ ਇਹ ਚਿੱਠੀ ਵਿਚੇ ਹੀ ਰੋਕ ਲਈ।

ਭਾਈ ਸੁਥਰਾ : ਇਹ ਤਾਂ ਬਾਬਾ ਜੀ ਉਹੋ ਗਲ ਹੋਈ ਕਿ ਕੋਈ ਥੱਲੇ ਵਾਲਾ ਕਰਮਚਾਰੀ ਕੋਈ ਅਰਜ਼ੀ ਸਭ ਤੋਂ ਵੱਡੇ ਅਫ਼ਸਰ ਵਲ ਲਿਖੇ ਤਾਂ ਦਰਮਿਆਨਾ ਅਫ਼ਸਰ ਵਿਚੋਂ ਹੀ ਰੋਕ ਲਏ। ਫੇਰ ਅੱਗੇ ਕੀ ਹੋਇਆ ?

ਬਾਬਾ : ਉਡੀਕ ਦੇ ਬਾਅਦ ਦੂਜੀ ਚਿੱਠੀ ਲਿਖੀ:
ਤੇਰਾ ਮੁਖ ਸੁਹਾਵਾ ਜੀਉ ਸਹਿਜ ਧੁੰਨ ਬਾਣੀ
ਚਿਰੁ ਹੋਆ ਦੇਖਏ ਸਾਰਿੰਗ ਪਾਣੀ
ਧੰਨੁ ਸੁ ਦੇਸੁ ਜਹਾਂ ਤੂੰ ਵਸਿਆ
ਮੇਰੇ ਸਾਜਣ ਮੀਤ ਮੁਹਾਰੇ ਜੀਓ
ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਓ

*(ਇਸ ਚਿੱਠੀ ਦਾ ਹਸ਼ਰ ਵੀ ਪਹਿਲੀ ਚਿੱਠੀ ਵਾਲਾ ਹੋਇਆ। ਇਸ ਲੜੀ ਦੀ ਤੀਜੀ ਚਿੱਠੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੇਰ ਲਿਖੀ)*

ਇਕ ਘੜੀ ਨਾ ਮਿਲਤੇ ਤਾਂ ਕਲਿ ਜੁਗ ਹੋਤਾ
ਹੁਣ ਕਦੁ ਮਿਲੀਐ ਪ੍ਰਿਅ ਤੁਧ ਭੰਗਵੰਤਾ
ਮੋਹਿ ਰੈਣ ਨਾ ਵਿਹਾਵੈ
ਨੀਂਦ ਨਾ ਆਵੈ

ਬਿਨ ਦੇਖੇ ਗੁਰੂ ਦਰਬਾਰੇ ਜੀ
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਓ

ਭਾਈ ਸੁਥਰਾ : ਕੀ ਇਸ ਚਿੱਠੀ ਦਾ ਹਸ਼ਰ ਵੀ ਪਹਿਲੀਆਂ ਚਿੱਠੀਆਂ ਵਰਗਾ ਹੋਇਆ?

ਭਾਈ ਸੁਥਰਾ : ਜਿਸ ਤਰ੍ਹਾਂ ਭਜਨ ਲਾਲ ਨੂੰ ਮਿਲੀ ਏ। ਰਾਤੋ ਰਾਤ ਦਲ ਬਦਲ ਲਉ ਤੇ ਮੁਖ ਮੰਤਰੀ ਬਣ ਜਾਓ। ਦਿੱਲੀ ਦੀ ਗੱਦੀ ਜਨਤਾ ਦੀ ਹੋਵੇ ਤਾਂ ਭਜਨ ਲਾਲਾ ਜਨਤਾ ਦਾ, ਜੇ ਦਿੱਲੀ ਦੀ ਗੱਦੀ ਬੀਬੀ ਦੀ ਹੋਵੇ ਤਾਂ ਭਜਨ ਲਾਲ ਜੀ ਬੀਬੀ ਦੇ...

ਭਾਗ ਹੂਆ, ਬੀਬੀ ਨੇ ਚਰਨੀ ਲਾਇਆ,
ਸਭ ਦੌਲਤ ਘਰ ਮੇ ਪਾਈ
ਹਉ ਘੋਲਿ ਜੀਉ ਘੋਲ ਘੁਮਾਈ
ਕਹੇ ਭਜਨ, ਹੇ ਬੀਬੀ ਹਮ ਦਾਸ ਤੁਮਾਰੇ ਜੀਉ।

ਬਾਬਾ : ਦਿੱਲੀ ਦੀ ਗੱਦੀ 'ਤੇ ਸ੍ਰੀ ਗੁਰੂ ਰਾਮਦਾਸ ਦੀ ਨਗਰੀ ਵਿਚ ਬੜਾ ਫ਼ਰਕ ਏ ਭਾਈ ਸੁਥਰੀਆ। ਇਕ ਗੱਦੀ ਪ੍ਰਿਥੀਏ ਵਰਗਿਆਂ ਲਈ ਏ ਤੇ ਇਕ ਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲਈ।

ਭਾਈ ਸੁਥਰਾ : ਆਹੋ ਇਕ ਗੱਦੀ ਚੋਰਾਂ ਲਈ ਤੇ ਇਕ ਸਾਧਾਂ ਲਈ।

ਬਾਬਾ : ਕੀ ਕਿਹਾ?

ਭਾਈ ਸੁਥਰਾ : ਕੁਝ ਨਹੀਂ ਬਾਬਾ ਜੀ, ਤੁਸੀਂ ਆਪਣੀ ਗੱਲ ਜਾਰੀ ਰੱਖੋ।

ਬਾਬਾ : ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਮਿਲੀ ਤਾਂ ਪ੍ਰਿਥੀ ਚੰਦ ਉਹਨਾਂ ਦਾ ਜਾਨੀ ਦੁਸ਼ਮਣ ਬਣ ਗਿਆ ਤੇ ਲਾਹੌਰ ਦੇ ਸੂਬੇ ਦੇ ਇਕ ਬਾਰਸੂਖ ਦਰਬਾਰੀ ਸੁਲਹੀ ਖਾਨ ਨੂੰ ਬਹੁਤ ਸਾਰੀ ਰਿਸ਼ਵਤ ਦੇ ਕੇ ਆਪਣੇ ਨਾਲ ਗੱਠ ਲਿਆ। ਜੋ ਹਰ ਵੇਲੇ ਕਿਸੇ ਨਾ ਕਿਸੇ ਬਹਾਨੇ ਸੂਬੇ ਅੱਗੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਬਦਖੋਹੀਆਂ ਕਰਦਾ ਰਹਿੰਦਾ। ਚੱਲ ਹੁਣ ਤੈਨੂੰ ਉਸ ਲਾਹੌਰ ਦੇ ਦਰਬਾਰ ਲੈ ਚੱਲੀਏ।

ਭਾਈ ਸੁਥਰਾ : ਇਹਨਾਂ ਕੱਪੜਿਆਂ ਵਿਚ ਹੀ?

ਬਾਬਾ : ਕਿਉਂ?

ਭਾਈ ਸੁਥਰਾ : ਦਰਬਾਰ ਵਿਚ ਜਾਣਾ ਏ, ਕੁਝ ਤਿਆਰੀ ਕਰ ਲਵਾਂ।

ਬਾਬਾ : ਹਾਂ, ਉਥੇ ਤੂੰ ਭਾਈ ਸੁਥਰਾ ਨਹੀਂ, ਖਾਨ ਬਹਾਦੁਰ ਸੁਥਰਾ ਖਾਨ ਬਣ ਕੇ ਜਾਈਂ। ਬਾਕੀ ਦਰਬਾਰ ਵਿਚ ਚਲਿਆਂ ਏਂ ਤਾਂ ਉਥੇ ਦਰਬਾਰੀਆਂ ਵਾਲੇ ਕਾਇਦੇ ਕਾਨੂੰਨ ਅਨੁਸਾਰ ਚੱਲੀਂ ਐਵੇਂ ਸੁਥਰਿਆਂ ਵਾਲੀ

ਮੂੰਹ ਫੱਟ ਗਲ ਨਾ ਕਰੀਂ।

ਭਾਈ ਸੁਥਰਾ : ਦਰਬਾਰੀਆਂ ਦੇ ਕਾਇਦੇ ਕਾਨੂੰਨ ਹੁੰਦੇ ਨੇ ਬਾਬਾ ਜੀ ?

ਬਾਬਾ : ਵੱਡਾ ਕਾਇਦਾ ਕਾਨੂੰਨ ਇਹੋ ਏ ਕਿ ਜਿਸ ਤਰ੍ਹਾਂ ਬਾਦਸ਼ਾਹ ਕਹੇ, ਉਸ ਦੀ ਜੀ ਨਾਲ ਜੀ ਮਿਲਾਉਂਦੇ ਜਾਵੋ ਤੇ ਬਾਦਸ਼ਾਹ ਨੂੰ ਇਹ ਅਹਿਸਾਸ ਕਰਵਾਉਂਦੇ ਰਵੋ ਕਿ ਸਾਰੀ ਕਾਇਨਾਤ ਉਹਦੇ ਸਿਰ ’ਤੇ ਹੀ ਖਲੋਤੀ ਹੈ, ਜੇ ਉਹ ਨਾ ਹੋਵੇ ਤਾਂ ਦੁਨੀਆਂ ਗਰਕ ਹੋ ਜਾਏ। ਬਾਦਸ਼ਾਹ ਦੀ ਹਾਂ ਵਿਚ ਹਾਂ ਮਿਲਾਉਂਦਾ ਰਵੀਂ।

ਭਾਈ ਸੁਥਰਾ : ਜੇ ਬਾਦਸ਼ਾਹ ਕਹੇ ਕਿ ਅੰਬ ਬੜਾ ਵਾਹਯਾਤ ਫਲ ਹੈ ਤੇ ਇਹਨੂੰ ਗਧੇ ਵੀ ਹੀਂ ਖਾਂਦੇ ਤੇ ਮੈਂ ਝੱਟ ਕਹਾਂਗਾ ਕਿ ਹਾਂ ਬਾਦਸ਼ਾਹ ਸਲਾਮਤ ਉਹ ਗਧੇ ਹੀ ਨੇ ਜਿਹੜੇ ਅੰਬ ਨਹੀਂ ਖਾਂਦੇ।

ਬਾਬਾ : ਹਾਂ, ਤੇ ਭਾਈ ਸੁਥਰਿਆ ਤੂੰ ਪਹੁੰਚ ਜਾ ਲਾਹੌਰ ਦੇ ਦਰਬਾਰ ਵਿਚ।

*(ਸੁਥਰਾ ਜਾਂਦਾ ਹੈ)*

*(ਹਨੇਰਾ)*

## ਸੀਨ 3

ਪਾਤਰ : ਨਵਾਬ, ਸੁਲਹੀ ਖਾਨ, ਭਾਈ ਸੁਥਰਾ

ਬਾਬਾ : (ਤੇ ਭਾਈ ਸੁਥਰਾ ਜਾਂਦਾ ਹੈ) ਲਾਹੌਰ ਦੇ ਦਰਬਾਰ ਵਿਚ ਸਾਰੇ ਦਰਬਾਰਾਂ ਵਾਂਗ ਇਥੇ ਵੀ ਝੋਲੀ ਚੁੱਕਾਂ ਤੇ ਝੂਠ ਦਾ ਬਜ਼ਾਰ ਗਰਮ ਏ ਤੇ ਇਸ ਝੂਠ ਦੇ ਬਜ਼ਾਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂ ਘੜੀ ਮੁੜੀ ਆਉਂਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਪੰਜਵੇਂ ਗੁਰੂ ਸਨ। ਉਹਨਾਂ ਦੀ ਸਭ ਤੋਂ ਵੱਡੀ ਦੇਣ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ। ਭਾਰਤ ਦੇ ਇਕ ਮਹਾਨ ਫਿਲਾਸਫਰ ਦਾ ਕਥਕ ਹੈ, ‘ਜਿਸ ਧਰਮ ਜਾਂ ਫਿਰਕੇ ਕੋਲ ਆਪਣਾ ਧਰਮ ਗ੍ਰੰਥ ਨਹੀਂ, ਉਹ ਉਸ ਵੇਲ ਵਾਂਗ ਹੈ, ਜਿਸ ਦੀ ਆਪਣੀ ਕੋਈ ਜੜ੍ਹ ਨਹੀਂ ਹੁੰਦੀ।’ ਸਿੱਖ ਧਰਮ ਦੀ ਇਹ ਲੋੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਕੇ ਪੂਰੀ ਕੀਤੀ। ਆਪਣੈ ਪਿਤਾ ਦੇ ਆਰੰਭ ਹੋਏ ਕਾਰਜ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਆਪ ਪੂਰਨ ਕੀਤਾ, ਇਲਾਕੇ ਵਿਚ ਹੋਰ ਕਈ ਤੀਰਥ ਰਚੇ, ਤੇ ਨਗਰ ਵਸਾਏ। ਮੁਗ਼ਲਾਂ ਦੀ ਹਕੂਮਤ ਦੇ ਅੰਦਰ ਸਿੱਖਾਂ ਦੀ ਇਕ ਧਾਰਮਿਕ ਸਰਕਾਰ ਕਾਇਮ ਹੋ ਗਈ। ਸਿੱਖਾਂ ਦੇ ਬਹੁਤ ਸਾਰੇ ਮੁਕਦਮੇਂ ਸਰਕਾਰੀ ਅਫ਼ਸਰਾਂ ਕੋਲ ਜਾਣ ਦੀ ਥਾਂ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਉਂਦੇ ਤੇ ਦੋਵੇਂ ਧਿਰਾਂ ਬੜੀ

ਖੁਸ਼ੀ ਨਾਲ ਸਵੀਕਾਰ ਕਰਦੀਆਂ। ਇਹ ਇਕ ਅਜਿਹੀ ਜਥੇਬੰਦੀ ਸੀ ਜੋ ਇਕ ਆਗੂ ਦੇ ਹੁਕਮ ਵਿਚ ਸੀ ਤੇ ਇਸ ਗੱਲ ਦੀ ਤਕਲੀਫ਼ ਲਾਹੌਰ ਦੇ ਦਰਬਾਰ ਨੂੰ ਹੋਣੀ ਸ਼ੁਰੂ ਹੋ ਗਈ ਸੀ ਤੇ ਆਓ ਤੁਹਾਨੂੰ ਉਸ ਦਰਬਾਰ ਵਿਚ ਲੈ ਜਾਂਦੇ ਹਾਂ, ਜਿਥੇ ਸਾਡਾ ਭਾਈ ਸੁਥਰਾ, ਸੁਥਰਾ ਖਾਨ ਦੀ ਹੈਸੀਅਤ ਵਿਚ ਪੁੱਜ ਚੁੱਕਾ ਹੈ। ਭਾਈ ਸੁਥਰੇ ਦਾ ਅਸੂਲ ਏ ਕਿ ਜਿਥੇ ਜਾਵੋ ਉਥੋਂ ਦਾ ਰੂਪ ਧਾਰ ਲਵੋਂ, ਗੰਗਾ ਗਏ ਤਾਂ ਗੰਗਾ ਰਾਮ, ਜਮਨ ਗਏ ਤਾਂ ਜਮਨਾ ਦਾਸ।

*(ਲਾਹੌਰ ਦਾ ਨਵਾਬ, ਸੁਲਹੀ ਖਾਨ ਤੇ ਸੁਥਰਾ ਖਾਨ ਮੰਚ 'ਤੇ ਆਉਂਦੇ ਹਨ।)*

ਨਵਾਬ : ਨਹੀਂ ਸੁਲਹੀ ਖਾਨ ਮੈਂ ਤੇਰੇ ਨਾਲ ਸਹਿਮਤ ਨਹੀਂ। ਨਾਨਕ ਦੀ ਉਹ ਗੱਦੀ ਫ਼ਕੀਰਾਂ ਦੀ ਗੱਦੀ ਏ। ਸਾਡੇ ਸ਼ਹਿਨਸ਼ਾਹ ਜਲਾਲੂਦੀਨ ਅਕਬਰ ਨੇ ਆਪ ਸਿੱਖਾਂ ਦੇ ਤੀਜੇ ਗੁਰੂ ਦੇ ਲੰਗਰ ਵਿਚ ਖਾਣਾ ਖਾਧਾ ਤੇ ਆਪਣੀ ਅਕੀਦਤ ਵਲੋਂ ਬਹੁਤ ਸਾਰਾ ਖਜ਼ਾਨਾ ਵੀ ਉਹ ਲੰਗਰ ਚਲਾਉਣ ਵਾਸਤੇ ਦਿੱਤਾ ਸੀ।

ਸੁਲਹੀ ਖਾਨ : ਨਵਾਬ ਸਾਹਿਬ, ਉਹ ਸ਼ਹਿਨਸ਼ਾਹ ਅਕਬਰ ਦੀ ਸਖਾਵਤ ਸੀ ਵਰਨਾ ਇਹ ਡੇਰਾ ਮਹਿਜ਼ ਫਕੀਰਾਂ ਦਾ ਡੇਰਾ ਸੀ।

ਨਵਾਬ : ਸੁਲਹੀ ਖਾਨ ਜੋ ਤੇਰੇ ਦਿਲ ਵਿਚ ਏ, ਉਹ ਸਾਫ਼ ਸਾਫ਼ ਦੱਸ।

ਭਾਈ ਸੁਥਰਾ : ਹਾਂ ਸੁਲਹੀ ਖਾਨ ਜੋ ਤੇਰੇ ਦਿਲ ਵਿਚ ਕੋਈ ਮੈਲ ਹੈ ਤਾਂ ਉਹਨੂੰ ਸਾਫ਼ ਕਰਕੇ ਨਵਾਬ ਸਾਹਿਬ ਨਾਲ ਗੱਲ ਕਰ।

ਸੁਲਹੀ ਖਾਨ : ਗੁਸਤਾਖ਼ੀ ਮਾਫ਼ ਨਵਾਬ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਸਾਂ ਕਿ ਜਿਸ ਨੂੰ ਤੁਸੀਂ ਫ਼ਕੀਰ ਸਮਝੀ ਬੈਠੇ ਹੋ, ਉਹ ਮੁਗਲ ਹਕੂਮਤ ਦੀਆਂ ਜੜ੍ਹਾਂ ਕੱਟ ਰਿਹਾ ਹੈ।

ਨਵਾਬ : ਉਹ ਕਿਸ ਤਰ੍ਹਾਂ? ਖੋਲ੍ਹ ਕੇ ਬਿਆਨ ਕਰੋ।

ਭਾਈ ਸੁਥਰਾ : (ਹੋਲੀ ਜਿਹੇ) ਸੁਲਹੀ ਖਾਨ, ਪ੍ਰਿਥੀ ਨੇ ਤੇਰੇ ਲਈ ਥੈਲੀ ਖੋਲੀ ਏ, ਤੂੰ ਗੱਲ ਖੋਲ ਦੇ।

ਨਵਾਬ : ਕੀ ਕਿਹਾ ਖਾਨ ਸੁਥਰਾ ਖਾਨ?

ਭਾਈ ਸੁਥਰਾ : ਮੈਂ ਹਜ਼ੂਰ, ਸੁਲਹੀ ਖਾਨ ਨੂੰ ਕਹਿ ਰਿਹਾ ਸੀ ਕਿ ਉਸ ਨੂੰ ਗੱਲ ਖੋਲ ਕੇ ਕਰਨੀ ਚਾਹੀਦੀ ਏ।

ਸੁਲਹੀ ਖਾਨ : ਨਵਾਬ ਸਾਹਿਬ ਹਕੂਮਤ ਦਾ ਪਹਿਲਾ ਅਸੂਲ ਹੈ ਕਿ ਰਿਆਇਆ ਨੂੰ ਹਕੂਮਤ ਦਾ ਡਰ ਹੋਵੇ, ਪਰ ਇਹ ਜਿਹੜਾ ਨਾਨਕ ਦਾ ਡੇਰਾ ਉਸਰ ਰਿਹਾ ਏ, ਇਸ ਦਾ ਪਹਿਲਾ ਅਸੂਲ ਇਹ ਹੈ ਕਿ ਬੰਦਾ ਆਪਣੇ ਵਿਚੋਂ ਡਰ ਮੁਕਾ ਦੇਵੇ।

ਨਵਾਬ : ਤੇਰਾ ਕੀ ਖਿਆਲ ਏ ਖਾਨ ਸੁਥਰਾ ਖਾਨ ?

ਭਾਈ ਸੁਥਰਾ : ਹਜ਼ੂਰ ਸੁਲਹੀ ਖਾਨ ਠੀਕ ਕਹਿੰਦਾ ਏ, ਹਕੂਮਤਾਂ ਰਿਆਇਆ ਵਿਚ ਹਾਕਮਾਂ ਦੇ ਡਰ ਨਾਲ ਹੀ ਚਲਦੀਆਂ ਹਨ, ਪਰ ਨਾਨਕ ਦੇ ਇਸ ਡੇਰੇ ਵਿਚ ਦਿਨੇ ਰਾਤੀਂ ਇਹ ਸਿਖਾਇਆ ਜਾਂਦਾ ਹੈ ਕਿ ਬੰਦਿਆਂ ਜੇਕਰ ਡਰਨਾ ਹੈ ਤਾਂ ਉਸ ਰੱਬ ਕੋਲੋਂ ਡਰ, ਉਸ ਮਾਲਕ ਤੋਂ ਡਰ ਜਿਸ ਨੇ ਇਹ ਸਾਰੀ ਖਲਕਤ ਬਣਾਈ ਹੈ।

ਨਵਾਬ : ਇਹ ਤਾਂ ਬੜੀ ਅੱਛੀ ਗੱਲ ਏ, ਕੁਰਾਨ ਸ਼ਰੀਫ਼ ਵਿਚ ਵੀ ਇਹ ਲਿਖਿਆ ਹੈ ਕਿ ਬੰਦੇ ਨੂੰ ਅੱਲ੍ਹਾ ਤੋਂ ਹੀ ਡਰਨਾ ਚਾਹੀਦਾ ਹੈ।

ਭਾਈ ਸੁਥਰਾ : ਉਹ ਜਨਾਬ ਮੁਸਲਮਾਨਾ ਵਾਸਤੇ ਲਿਖਿਆ ਹੈ, ਜੇ ਹਿੰਦੂ ਵੀ ਇਸ ਤਰ੍ਹਾਂ ਸੋਚਣ ਲੱਗ ਪਏ ਤਾਂ ਮੁਗਲ ਰਾਜ ਕਿਸ ਤਰ੍ਹਾ ਚੱਲੇਗਾ ? ਕਾਫ਼ਰਾਂ ਅਤੇ ਮੁਸਲਮਾਨਾਂ ਉਤੇ ਇਕੋ ਗਲ ਕਿਸ ਤਰ੍ਹਾਂ ਲਾਗੂ ਹੋ ਸਕਦੀ ਏ ?

ਨਵਾਬ : ਤੇਰੀ ਗੱਲ ਵਿਚ ਵਜ਼ਨ ਏ ਖਾਨ ਸੁਥਰਾ ਖਾਨ।

ਭਾਈ ਸੁਥਰਾ : ਇਹ ਹਜ਼ੂਰ ਦੀ ਨਵਾਜਿਸ਼ ਏ, ਉਵੇਂ ਬੰਦਾ ਗੱਲ ਹਮੇਸ਼ਾਂ ਵਜ਼ਨਦਾਰ ਕਰਦਾ ਹੈ।

ਨਵਾਬ : ਹਾਂ ਤੇ ਸੁਲਹੀ ਖਾਨ ਅੱਗੇ ਕਹੋ।

ਸੁਲਹੀ : ਜਨਾਬ ਸਾਡੀ ਹਕੂਮਤ ਦਾ ਦੂਸਰਾ ਅਸੂਲ ਏ ਕਿ ਰਿਆਇਆ ਦੇ ਕੁਝ ਲੋਕ ਆਪਣੇ ਆਪ ਨੂੰ ਖਾਸ ਸਮਝਣ 'ਤੇ ਕੁਝ ਆਮ ਸਮਝਣ ਤੇ ਇਹ ਖ਼ਾਸ ਆਪਣੇ ਆਪ ਨੂੰ ਆਮ ਤੋਂ ਦੂਰ ਰੱਖਣ।

ਭਾਈ ਸੁਥਰਾ : ਖਾਨ ਸੁਲਹੀ ਖਾਨ ਠੀਕ ਫਰਮਾਉਂਦੇ ਨੇ, ਇਹ ਨਾਨਕ ਦਾ ਡੇਰਾ ਖਾਸ ਅਤੇ ਆਮ ਦੇ ਫਰਕ ਨੂੰ ਨਹੀਂ ਪਛਾਣਦਾ। ਇਹਦੇ ਲੰਗਰ ਵਿਚ ਸਭ ਇਕੱਠੇ ਬੈਠਦੇ ਨੇ, ਕੋਈ ਵਿਤਕਰਾ ਨਹੀਂ। ਹਿੰਦੂ ਪਏ ਬੈਠਣ ਸਾਨੂੰ ਕੋਈ ਇਤਰਾਜ਼ ਨਹੀਂ, ਭਾਵੇਂ ਉਚ ਜਾਤੀ ਹਿੰਦੂਆਂ ਨੂੰ ਵੀ ਇਤਰਾਜ਼ ਏ। ਉਹਨਾਂ ਦੇ ਆਲਮ ਫਾਜ਼ਲ ਮਨੂੰ ਨੇ ਏਨੀ ਮੇਹਨਤ ਨਾਲ ਹਿੰਦੂਆਂ ਨੂੰ ਚਾਰ ਜਾਤਾਂ ਵਿਚ ਵੰਡਿਆ ਸੀ ਤੇ ਇਸ ਨਾਨਕ ਦੇ ਡੇਰੇ ਨੇ ਉਹਦੀ ਸਾਰੀ ਮੇਹਨਤ ਨੂੰ ਸਾਫ਼ ਕਰ ਦਿੱਤਾ ਕਿ ਕੋਈ ਉਚਾ ਨਹੀਂ ਕੋਈ ਨੀਵਾਂ ਨਹੀਂ।

ਸੁਲਹੀ ਖਾਨ : ਜਨਾਬ ਮੈਂ ਕਿਸੇ ਹੋਰ ਨੁਕਤਾ ਨਜ਼ਰ ਨਾਲ ਵੀ ਇਸ ਅਮਲ ਨੂੰ ਦੇਖਦਾ ਹਾਂ। ਹਿੰਦੂ ਪਏ ਲੰਗਰ ਵਿਚ ਜਾਣ, ਉਹ ਜਾਤਪਾਤ ਮੰਨਣ ਜਾਂ ਨਾ ਮੰਨਣ, ਸਾਡਾ ਇਹਦੇ ਨਾਲ ਕੋਈ ਤੁਅੱਲਕ ਨਹੀਂ। ਪਰ ਸਾਡੇ ਲਈ ਖਤਰਾ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਮੁਸਲਮਾਨ ਫਕੀਰ ਵੀ ਉਸ ਡੇਰੇ 'ਤੇ ਚਲੇ ਜਾਣ।

ਨਵਾਬ : ਮੁਸਲਮਾਨ ਫਕੀਰ ਵੀ ਉਹਦੇ ਡੇਰੇ 'ਤੇ ਜਾਂਦੇ ਨੇ ?

ਸੁਲਹੀ ਖਾਨ : ਹਾਂ ਨਵਾਬ ਸਾਹਿਬ, ਤੇ ਇਸ ਤਰ੍ਹਾਂ ਖ਼ਾਸ ਅਤੇ ਆਮ ਦਾ ਫ਼ਰਕ ਹੀ ਮਿਟ ਜਾਵੇਗਾ।

ਭਾਈ ਸੁਥਰਾ : ਬਜਾ ਫਰਮਾਉਂਦੇ ਨੇ, ਖਾਨ ਸੁਲਹੀ ਖਾਨ। ਨਵਾਬ ਸਾਹਿਬ ਹਕੂਮਤਾਂ ਚਲਦੀਆਂ ਹੀ ਤਾਂ ਨੇ ਜੇ ਦੋ ਕਿਸਮ ਦੇ ਲੋਕ ਆਪਸ ਵਿਚ ਲੜਦੇ ਰਹਿਣ, ਜੇ ਨਹੀਂ ਲੜਦੇ ਤਾਂ ਹਿਕਮਤ ਅਮਲੀ ਇਹ ਕਹਿੰਦੀ ਏ ਕਿ ਉਹਨਾਂ ਨੂੰ ਲੜਾ ਦੇਵੋ।

ਨਵਾਬ : ਕੀ ਮਤਲਬ ? ਕਿਸ ਤਰ੍ਹਾ ਲੜਾ ਦੇਵੋ।

ਭਾਈ ਸੁਥਰਾ : ਬੜਾ ਸੌਖਾ ਤਰੀਕਾ ਏ, ਗਊਆਂ ਦੇ ਸਿਰ ਵੱਢ ਕੇ ਮੰਦਰਾਂ ਵਿਚ ਸੁੱਟਵਾ ਦੇਵੋ ਤੇ ਸੂਰ ਮਾਰ ਕੇ ਮਸਜਿਦ ਦੇ ਵਿਹੜੇ ਵਿਚ ਸੁੱਟਵਾ ਦੇਵੋ।

ਨਵਾਬ : ਕੀ ਬਕਦਾ ਏ, ਖਾਨ ਸੁਥਰਾ ਖਾਨ, ਮੁਸਲਮਾਨ ਹੋ ਕੇ ਮਸਜਿਦ ਵਿਚ ਸੂਰ ਸੁੱਟਣ ਦੀ ਗਲ ਕਰਦਾ ਏਂ ?

ਭਾਈ ਸੁਥਰਾ : ਜਨਾਬ ਮੈਂ ਹਿਕਮਤ ਅਮਲੀ ਦੀ ਗਲ ਕਰਦਾ ਹਾਂ, ਹਿੰਦੁਸਤਾਨ ਵਿਚ ਲੋਕਾਂ ਨੂੰ ਲੜਾਉਣ ਲਈ ਇਹ ਅਜਮਾਏ ਹੋਏ ਤਰੀਕੇ ਨੇ। ਲੜਾਈ ਤੇ ਮੁਹੱਬਤ ਵਿਚ ਸਭ ਜਾਇਜ਼ ਹੁੰਦਾ ਏ।

ਨਵਾਬ : ਹਾਂ ਤੇ ਸੁਲਹੀ ਖਾਨ, ਇਹ ਲੰਗਰ ਲਈ ਪੈਸਾ ਤੇ ਰਸਦ ਪਾਣੀ ਕਿਥੋਂ ਆਉਂਦਾ ਏ ?

ਸੁਲਹੀ ਖਾਨ : ਨਵਾਬ ਸਾਹਿਬ, ਅਸੀਂ ਇਹਦੀ ਤਫਤੀਸ਼ ਕਰ ਰਹੇ ਹਾਂ।

ਭਾਈ ਸੁਥਰਾ : ਲੈ ਇਸ ਵਿਚ ਤਫਤੀਸ਼ ਦੀ ਕੀ ਲੋੜ ਏ, ਮੈਂ ਵਾਜ਼ਹੇ ਕ ਦੇਨਾ ਹਾਂ। ਡੇਰੇ ਚਲਾਉਣ ਦਾ ਇਹ ਕਦੀਮੀ ਢੰਗ ਏ, ਜਿਹੜਾ ਡੇਰੇ ਵਿਚ ਆਵੇਗਾ, ਉਹ ਕੁਝ ਨਾ ਕੁਝ ਭੇਟਾ ਲੈ ਕੇ ਆਵੇਗਾ। ਉਸੇ ਵਿਚੋਂ ਲੰਗਰ ਚਲਾਓ, ਆਉਣ ਵਾਲੇ ਨੂੰ ਦੋ ਗੁਲੀਆਂ ਖਵਾਓ, ਬਾਕੀ ਆਪਣੇ ਪੱਲੇ ਪਾਓ ਤੇ ਨਾਲ ਹੀ ਆਪਣੀ ਸੇਵਕੀ ਚਲਾਓ। ਲੰਗਰ ਕਾਹਦਾ ਏ ਦੁਕਾਨ ਏ ਜਨਾਬ।

ਸੁਲਹੀ ਖਾਨ : (ਹੌਲੇ ਜਿਹੇ) ਤੂੰ ਤਾਂ ਖਾਨ ਸੁਥਰਾ ਖਾਨ ਕਮਾਲ ਕਰੀ ਜਾਨਾ ਏਂ।

ਭਾਈ ਸੁਥਰਾ : (ਹੌਲ ਜਹੇ) ਭੁੱਲ ਨਾ ਜਾਈਂ ਸੁਲਹੀ ਖਾਨ ਪ੍ਰਿਥੀ ਚੰਦ ਦੀ ਦਿੱਤੀ ਅੱਧੀ ਥੈਲੀ ਮੇਰੀ।

ਸੁਲਹੀ ਖਾਨ : (ਹੌਲੇ ਜਹੇ) ਮਿਲ ਜਾਏਗੀ, ਬਸ ਇਸੇ ਤਰ੍ਹਾਂ ਲੱਗਾ ਰਹੀਂ।

ਨਵਾਬ : ਤੂੰ ਵੀ ਕੁਝ ਬੋਲ ਸੁਲਹੀ ਖਾਨ, ਸਭ ਕੁਝ ਖਾਨ ਸੁਥਰਾ ਖਾਨ ਹੀ ਬੋਲੀ ਜਾਂਦਾ ਹੈ।

ਭਾਈ ਸੁਥਰਾ : ਮੈਂ ਨਹੀਂ ਬੋਲਦਾ, ਜਨਾਬ ਥੈਲੀ ਬੋਲਦੀ ਹੈ।

ਨਵਾਬ : ਥੈਲੀ ?

ਭਾਈ ਸੁਥਰਾ : ਹਾਂ ਜਨਾਬ ਦੁਕਾਨ ਚੱਲੇਗੀ ਤਾਂ ਥੈਲੀ ਵੀ ਭਰੇਗੀ।

ਸੁਲਹੀ ਖਾਨ : ਤੇ ਗੱਲ ਅਸੀਂ ਦੋਨੋਂ ਖਾਨ ਅਰਜਨ ਦੇਵ ਦੀ ਕਰ ਰਹੇ ਸਾਂ, ਜਨਾਬ ਇਤਨਾ ਮੀਸਣਾ ਕਿ ਉਹਨੇ ਆਪਣੇ ਭਰਾ ਦਾ ਹਿੱਸਾ ਹੀ ਮਾਰ ਲਿਆ।

ਨਵਾਬ : ਕੀ ਮਤਲਬ ?

ਸੁਲਹੀ ਖਾਨ : ਪਿਤਾ ਜਿਉਂਦੇ ਸਨ ਤਾਂ ਡੇਰੇ ਦਾ ਬੰਦੋਬਸਤ ਸਾਰਾ ਵੱਡਾ ਭਰਾ ਚਲਾਉਂਦਾ ਸੀ।ਆਏ ਗਏ ਦਾ ਸਾਰਾ ਖਰਚ ਵੱਡਾ ਭਰਾ ਹੀ ਝੱਲਦਾ ਸੀ। ਨਾਲੇ ਪ੍ਰਿਥੀ ਚੰਦ ਜਨਾਬ ਆਪਣਾ ਵਫ਼ਾਦਾਰ ਏ।

ਨਵਾਬ : ਇਹ ਤੂੰ ਕਿਸ ਤਰ੍ਹਾਂ ਕਹਿ ਸਕਦਾ ਏਂ ?

ਭਾਈ ਸੁਥਰਾ : ਖਾਨ ਸਾਹਿਬ ਨੂੰ ਪੈਸੇ ਬਕਾਇਦਾ ਪੁਚਾਉਂਦਾ ਏ, ਕਦੀ ਕੁਤਾਹੀ ਨਹੀਂ ਕਰਦਾ।

ਨਵਾਬ : ਕੀ ਮਤਲਬ ?

ਭਾਈ ਸੁਥਰਾ : ਮੇਰਾ ਮਤਲਬ ਏ ਜਨਾਬ ਕਿ ਪ੍ਰਿਥੀ ਚੰਦ ਨੂੰ ਦਰਬਾਰ ਦੇ ਸਾਰੇ ਅਦਬੋ ਆਦਬ ਪਤਾ ਨੇ, ਉਹਨੂੰ ਪਤਾ ਏ ਕਿ ਦਰਬਾਰ ਦੇ ਕਿੰਨੇ ਖਰਚੇ ਨੇ, ਉਹਨੂੰ ਪਤਾ ਏ ਕਿ ਡੇਰੇ ਵਿਚੋਂ ਕਿੰਨੀ ਦੌਲਤ ਕਿਸ ਨੂੰ ਪੁਚਾਉਣੀ ਏ, ਉਹ ਹਕੂਮਤ ਦਾ ਬੜਾ ਵਫ਼ਾਦਾਰ ਏ।

ਨਵਾਬ : ਹੂੰ

ਸੁਲਹੀ ਖਾਨ : ਮੇਰਾ ਮਤਲਬ ਨਵਾਬ ਸਾਹਿਬ, ਸਾਨੂੰ ਅਵੱਲ ਤੇ ਕੋਸ਼ਿਸ਼ ਕਰਨੀ ਚਾਹੀਦੀ ਏ ਕਿ ਇਹ ਡੇਰਾ ਬੰਦ ਹੋ ਜਾਏ, ਅਗਰ ਐਸਾ ਨਹੀਂ ਹੋ ਸਕਦਾ ਤਾਂ ਕਮਅਜ਼ਕਮ ਅਸੀਂ ਇਹ ਜ਼ਰੂਰ ਵੇਖੀਏ ਕਿ ਇਸ ਡੇਰੇ 'ਤੇ ਅਰਜਨ ਦੇਵ ਨਹੀਂ, ਪ੍ਰਿਥੀ ਚੰਦ ਕਾਬਿਜ਼ ਹੋਵੇ।

ਨਵਾਬ : ਹੂੰ ਇਹ ਗੱਲ ਸੋਚਣ ਵਾਲੀ ਏ ?

ਸੁਲਹੀ ਖਾਨ : ਅਰਜਨ ਦੇਵ ਤਾਂ ਬਾਗੀ ਏ, ਬਾਦਸ਼ਾਹ ਨੇ ਬੁਲਾ ਭੇਜਿਆ, ਆਇਆ ਨਾ। ਆਪਣੇ ਸਿੱਖ ਭੇਜ ਦਿੱਤੇ, ਸ਼ਰੀਅਤ ਦੇ ਖਿਲਾਫ਼ ਕਿੰਨੇ ਸ਼ੇਅਰ ਆਪਣੀ ਉਸ ਕਿਤਾਬ ਵਿਚ ਲਿਖ ਮਾਰੇ ਨੇ।

ਨਵਾਬ : ਸ਼ਰੀਅਤ ਦੇ ਖਿਲਾਫ਼ ? ਪਰ ਉਹ ਸ਼ਿਅਰ ਤਾਂ ਬਾਦਸ਼ਾਹ ਨੇ ਆਪ ਸੁਣੇ ਸਨ, ਬੜੇ ਮਾਰਫਤ ਦੇ ਸ਼ਿਆਰ ਸਨ।ਮੈਨੂੰ ਉਹਨਾਂ ਵਿਚੋਂ ਹੁਣ ਵੀ ਇਕ ਯਾਦ ਏ–

ਸਚੁ ਕਮਾਵੈ ਸੋਈ ਕਾਜ਼ੀ
ਜੋ ਦਿਲ ਸੋਧੇ ਸੋਈ ਹਾਜੀ

*(ਬਾਦਸ਼ਾਹ ਬੜੇ ਖੁਸ਼ ਹੋਏ ਸਨ।)*

ਸੁਲਹੀ ਖਾਨ : ਇਹੀ ਤਾਂ ਉਹਦੀ ਚਾਲ ਏ। ਬਾਦਸ਼ਾਹ ਦੇ ਸਾਹਮਣੇ ਆਪਣੇ ਗ੍ਰੰਥ ਵਿਚੋਂ ਇਕ ਚੁਣਵਾ ਸ਼ੇਅਰ ਸੁਣਾ ਦਿੱਤਾ ਅਤੇ ਬਾਦਸ਼ਾਹ ਖੁਸ਼ ਹੋ ਗਏ।

ਭਾਈ ਸੁਥਰਾ : ਬਾਦਸ਼ਾਹ ਤੇ ਜਨਾਬ ਉਂਝ ਹੀ ਭੋਲੇ ਪਾਤਸ਼ਾਹ ਹੁੰਦੇ ਨੇ, ਥੋੜ੍ਹੀ ਜਿਹੀ ਤਾਰੀਫ਼ ਕਰ ਦਿੱਤੀ ਤਾਂ ਖੁਸ਼ ਹੋ ਗਏ।

ਨਵਾਬ : ਕੀ ਮਤਲਬ ?

ਭਾਈ ਸੁਥਰਾ : ਮੇਰਾ ਮਤਲਬ ਏ ਬਾਦਸ਼ਾਹਾਂ ਕੋਲ ਇਲਮ ਥੋੜਾ ਹੁੰਦਾ ਏ ?

ਨਵਾਬ : (ਗੁੱਸੇ ਨਾਲ) ਤੇਰਾ ਮਤਲਬ ਏ ਬਾਦਸ਼ਾਹ ਜਾਹਿਲ ਹੁੰਦੇ ਨੇ ?

ਭਾਈ ਸੁਥਰਾ : ਨਹੀਂ ਜਨਾਬ, ਮੈਂ ਇਹ ਕਦੋਂ ਕਿਹਾ ਏ ? ਮੈਂ ਤਾਂ ਇਹੀ ਕਿਹਾ ਏ, ਇਲਮ ਲਈ ਘਾਲਣਾ ਕਰਨੀ ਪੈਂਦੀ ਏ ਤੇ ਬਾਦਸ਼ਾਹਾਂ ਨੂੰ ਇਨਾ ਸਮਾਂ ਕਿਥੇ ਮਿਲਦਾ ਏ ਘਾਲਣਾ ਕਰਨ ਦਾ। ਮਹਿਲਾਂ ਵਿਚ ਰੰਗ ਰਲੀਆਂ ਤੋਂ ਸਮਾਂ ਹੀ ਕਿਥੇ ਮਿਲਦਾ ਏ।?

ਨਵਾਬ : ਕੀ ਬਕ ਰਿਹਾ ਏਂ ?

ਸੁਲਹੀ ਖਾਨ : (ਹੌਲੇ ਜਿਹੇ) ਉਏ ਸੁਥਰਾ ਖਾਨ ਸੰਭਲ ਕੇ ਗੱਲ ਕਰ।

ਭਾਈ ਸੁਥਰਾ : (ਸੰਭਲ ਕੇ) ਹਾਂ ਜਨਾਬ ਮੈਂ ਗੱਲ ਕਰ ਰਿਹਾ ਸਾਂ, ਰੰਗ ਰਲੀਆਂ ਕਿਉਂ ਨਾ ਮਨਾਉਣ, ਜੇ ਖੁਦਾ ਨੇ ਉਹਨਾਂ ਦੀ ਕਿਸਮਤ ਵਿਚ ਰੰਗ ਰਲੀਆਂ ਲਿਖੀਆਂ ਨੇ ਤਾਂ ਮਨਾਉਣ ਕਿਉਂ ਨਾ ? ਕਿਉਂ ਖਾਨ ਸੁਲਹੀ ਖਾਨ ? ਬਾਕੀ ਉਸ ਵੱਡੇ ਕੁਤਬ ਵਿਚ ਸ਼ਰਾ ਦੇ ਵਿਰੁੱਧ ਕੀ ਕੀ ਲਿਖਿਆ ਹੈ, ਇਸ ਦਾ ਫ਼ੈਸਲਾ ਤਾਂ ਕੋਈ ਆਲਮ ਮੌਲਵੀ ਮੁਲਾਨਾ ਹੀ ਕਰ ਸਕਦੇ ਨੇ। (ਹੌਲੇ ਜਹੇ) ਕਿਉਂ ਠੀਕ ਏ ਨਾ ?

ਸੁਲਹੀ ਖਾਨ : (ਹੌਲੇ ਜਹੇ) ਹਾਂ ਠੀਕ ਏ।

ਨਵਾਬ : ਪਰ ਮੈਂ ਸੁਣਿਆ ਏ ਕਿ ਮੁਸਲਮਾਨ ਫਕੀਰ ਦੇ ਸ਼ੇਅਰ ਵੀ ਉਸ ਗ੍ਰੰਥ ਵਿਚ ਨੇ।

ਸੁਲਹੀ ਖਾਨ : ਉਹ ਜਨਾਬ ਰੱਖ ਲਏ ਮੁਸਲਮਾਨਾਂ ਨੂੰ ਧੋਖਾ ਦੇਣ ਲਈ, ਉਹਨਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ।

ਭਾਈ ਸੁਥਰਾ : ਹਾਂ ਜਨਾਬ ਘੱਟਾ ਹੀ ਉਹ ਏ, ਜਿਹੜਾ ਸਿੱਧਾ ਅੱਖਾਂ ਵਿਚ ਪਏ। ਕਈ ਸ਼ੇਅਰ ਕਬੀਰ ਦੇ ਰਖ ਲਏ ਤਾਂ ਜੋ ਜੁਲਾਹਿਆਂ ਨੂੰ ਸਿੱਖ ਬਣਾ ਲੈਣ, ਰਵੀਦਾਸ ਦੇ ਵੀ ਸ਼ਾਮਲ ਕਰ ਲਏ ਤਾਂ ਜੋ ਚਮਾਰ ਵੀ ਖੁਸ਼ ਹੋ ਜਾਣ, ਨਾਮਦੇਵ ਵੀ ਸ਼ਾਮਲ ਕਰ ਲਿਆ, ਸਭ ਆਪਣੀ ਸੇਵਕੀ ਵਧਾਉਣ ਦੀ ਖ਼ਾਤਿਰ ਹੈ।

ਸੁਲਹੀ ਖਾਨ : (ਹੌਲੇ ਜਹੇ) ਸ਼ਾਬਾਸ਼ ਸੁਥਰਾ ਖਾਨ ਤੂੰ ਮੈਨੂੰ ਖੁਸ਼ ਕਰ ਦਿੱਤਾ।

ਭਾਈ ਸੁਥਰਾ : (ਹੌਲੇ ਜਹੇ) ਬੱਸ ਤੂੰ ਮੈਨੂੰ ਖੁਸ਼ ਕਰ ਦੇਵੀਂ।

ਨਵਾਬ : (ਸੋਚਦੇ ਹੋਏ) ਤੇਰੀ ਗੱਲ ਵਿਚ ਕਾਫ਼ੀ ਵਜ਼ਨ ਏ।

ਭਾਈ ਸੁਥਰਾ : (ਹੌਲੇ ਜਹੇ) ਜਿਸ ਤਰ੍ਹਾਂ, ਜਿਸ ਤਰ੍ਹਾਂ ਥੈਲੀ ਦਾ ਵਜ਼ਨ ਵਧ ਰਿਹਾ ਏ, ਗਲ ਦਾ ਵੀ ਵਜ਼ਨ ਵੱਧ ਰਿਹਾ ਏ ?

ਨਵਾਬ : ਪਰ ਹੋ ਸਕਦਾ ਏ ਕਿ ਇਸ ਨੂੰ ਸੂਫ਼ੀ ਫਕੀਰਾਂ ਨਾਲ ਅਕੀਦਤ ਹੋਵੇ।

ਸੁਲਹੀ ਖਾਨ : ਨਵਾਬ ਸਾਹਿਬ ਜੇਕਰ ਉਸ ਨੂੰ ਅਕੀਦਤ ਏ ਤਾਂ ਮੁਸਲਮਾਨ ਬਣ ਜਾਵੇ, ਹੋਰਨਾਂ ਪੀਰਾਂ ਫਕੀਰਾਂ ਦੇ ਡੇਰੇ ਵੀ ਚਲਦੇ ਨੇ, ਉਹ ਵੀ ਚਲਾ ਲਵੇ।

ਭਾਈ ਸੁਥਰਾ : ਹਾਂ ਹਜ਼ੂਰ ਮਨਾਹੀ ਥੋੜਾ ਏ, ਉਹ ਵੀ ਚਲਾ ਲਏ, ਪਰ ਉਹ ਤਾਂ ਫ਼ਕੀਰਾਂ ਨੂੰ ਮੰਨਦਾ ਹੀ ਨਹੀਂ, ਕਹਿੰਦਾ ਏ ਕਿਸੇ ਵਿਚ ਕੋਈ ਕਰਾਮਾਤ ਨਹੀਂ, ਬੰਦਗੀ ਅਤੇ ਨੇਕ ਅਮਲ ਹੀ ਸੱਚੇ ਰਾਹ ਨੇ।

ਨਵਾਬ : ਯਾਨੀ ਘਰ ਬਾਰ ਛੱਡ ਕੇ ਫਕੀਰੀ ਦੇ ਅਮਲ ਨੂੰ ਉਹ ਚੰਗਾ ਨਹੀਂ ਸਮਝਦਾ।

ਭਾਈ ਸੁਥਰਾ : ਕਿਥੇ ਜੀ ? ਉਹ ਤਾਂ ਪੁਕਾਰ ਪੁਕਾਰ ਕੇ ਕਹਿੰਦਾ ਏ–

ਪੂਰਾ ਸਤਿਗੁਰੁ ਭੇਟਿਐ, ਪੂਰੀ ਹੋਵੈ ਜੁਗਤਿ
ਹੰਸਦਿਆਂ, ਖੇਲੀਦਿੰਆ, ਪੇਂਹਨੰਦਿਆ, ਖਾਵੰਦਿਆ ਵਿਚੈ ਹੋਵੈ ਮੁਕਤਿ

ਹੁਣ ਤੁਸੀਂ ਹੀ ਦੱਸੋ ਗ੍ਰਹਿਸਥੀ ਜੀਵਨ ਵਿਚ ਕੋਈ ਰੱਬ ਪਾ ਸਕਦੈ ? ਸੋ ਗੁਨਾਹ ਅਸੀਂ ਹਰ ਰੋਜ਼ ਕਰਦੇ ਹਾਂ, ਕਰਦੇ ਹਾਂ ਕਿ ਨਹੀਂ ? ਕਰਦੇ ਹਾਂ, ਦੂਸਰੇ ਦੀ ਔਰਤ ਵੇਖ ਕੇ ਸਾਡੇ ਮਨ ਵਿਚ ਮੈਲ ਆ ਜਾਂਦੀ ਏ। ਥੋੜਾ ਜਿਹਾ ਪੈਸਾ ਝੋਲੇ ਵਿਚ ਆ ਜਾਵੇ ਤਾਂ ਅਸੀਂ ਝੂਠ ਬੋਲਣਾ ਸ਼ੁਰੂ ਕਰ ਦਿੰਦੇ ਹਾਂ। ਚੁਗਲੀਆਂ ਕਰਦੇ ਹਾਂ, ਕਿਉਂ ਕਰਦੇ ਹਾਂ ਕਿ ਨਹੀਂ ਸੁਲਹੀ ਖਾਨ ? ਕਰਦੇ ਹਾਂ, ਮੈਂ ਵੀ ਕਰਦਾ ਹਾਂ, ਸੁਲਹੀ ਖਾਨ ਵੀ ਕਰਦਾ ਏ। ਜਦੋਂ ਅਸੀਂ ਇਹ ਗੁਨਾਹ ਕਰਦੇ ਹਾਂ ਤੇ ਫੇਰ ਰੱਬ ਦੇ ਰਾਹਤੇ ਕਿਸ ਤਰ੍ਹਾਂ ਚਲ ਸਕਦੇ ਹਾਂ ? ਤੁਸੀਂ ਹੀ ਦਸੋ ਕੋਈ ਚੱਲ ਸਕਦੈ ? ਪਾਖੰਡ ਜਿੰਨੇ ਮਰਜ਼ੀ ਕਰ ਲਈਏ, ਮੈਂ ਵੀ ਕਰਦਾ ਹਾਂ ਸੁਲਹੀ ਖਾਨ ਵੀ ਕਰਦੈ, ਤੁਸੀਂ ਵੀ ਕਰਦੇ ਹੋ।

ਨਵਾਬ : ਓਏ ਕੀ ਬਕਦਾ ਏ ?

ਭਾਈ ਸੁਥਰਾ : ਠੀਕ ਬਕਦਾ ਹਾਂ, ਗ੍ਰਹਿਸਥੀ ਜੀਵਨ ਤਾਂ ਨਾਮ ਹੀ ਮੋਹ ਮਾਇਆ ਦਾ ਹੈ, ਭਲਾ ਮੋਹ ਮਾਇਆ ਨੂੰ ਕੌਣ ਛੱਡ ਸਕਦੈ ?

ਸੁਲਹੀ ਖਾਨ : (ਹੌਲੇ ਜਹੇ) ਸੁਥਰਾ ਖਾਨ ਸਿੱਧੀ ਲੀਕ ਤੇ ਚੱਲ।

ਭਾਈ ਸੁਥਰਾ : (ਹੌਲੇ ਜਹੇ) ਹੁਣੇ ਚਲਦਾ ਹਾਂ। (ਉਚੀ ਸਾਰੀ) ਕੀ ਗੁਰੂ ਅਰਜਨ ਦੇਵ ਨੂੰ ਆਪਣੇ ਪੁਤਰ ਨਾਲ ਮੋਹ ਨਹੀਂ ? ਹਰਗੋਬਿੰਦ ਪੈਦਾ ਹੋਇਆ

ਤਾਂ ਏਨੀਆਂ ਖੁਸ਼ੀਆਂ ਕੀਤੀਆਂ।ਪਹਿਲੇ ਪ੍ਰਿਥੀ ਦੇ ਪੁਤਰ ਮੇਹਰਬਾਨ ਨੂੰ ਆਪਣਾ ਮਤਬੰਨਾ ਬਣਾਇਆ, ਪਰ ਹਰਗੋਬਿੰਦ ਪੈਦਾ ਹੋਇਆ ਤਾਂ ਉਹੀ ਮੇਹਰਬਾਨ ਸੂਲ ਬਣ ਕੇ ਚੁੱਭਣ ਲੱਗ ਪਿਆ। ਦੂਜਿਆਂ ਨੂੰ ਸਿਖਿਆ ਦੇਣੀ ਆਸਾਨ ਹੁੰਦੀ ਏ, ਪਤਾ ਤਾਂ ਅਮਲਾਂ ਨਾਲ ਹੀ ਲਗਦਾ ਹੈ (ਹੌਲੇ ਜਿਹੇ) ਕਿਉਂ ਆ ਗਿਆ ਨਾ ਲੀਕ 'ਤੇ ? (ਸੁਲਹੀ ਖਾਨ ਹਾਂ ਵਿਚ ਸਿਰ ਹਿਲਾਉਂਦਾ ਹੈ)

ਸੁਲਹੀ ਖਾਨ : ਸੋ ਨਵਾਬ ਸਾਹਿਬ ਇਸ ਡੇਰੇ ਬਾਰੇ ਸਾਨੂੰ ਫੌਰੀ ਕਾਰਵਾਈ ਕਰਨੀ ਚਾਹੀਦੀ ਏ, ਵਰਨਾ ਇਹ ਵੀ ਖਤਰਾ ਏ ਕਿ ਦਿੱਲੀ ਦਾ ਸ਼ਹਿਨਸ਼ਾਹ ਸਾਡੇ ਨਾਲ ਨਰਾਜ਼ ਹੋ ਜਾਏ।

ਭਾਈ ਸੁਥਰਾ : ਹਾਂ ਨਵਾਬ ਸਾਹਿਬ, ਹਾਲਾਤ ਫੌਰੀ ਕਾਰਵਾਈ ਦੀ ਮੰਗ ਕਰਦੇ ਨੇ।

ਨਵਾਬ : ਠੀਕ ਏ, ਤੁਸੀਂ ਆਓ ਮੇਰੇ ਨਾਲ। (ਤਿੰਨੋ ਜਾਂਦੇ ਨੇ)

*(ਹਨੇਰਾ)*

## ਸੀਨ 4

ਪਾਤਰ : ਬਾਬਾ

ਬਾਬਾ : ਤੇ ਲਾਹੌਰ ਦੇ ਦਰਬਾਰ ਵਿਚ ਸਲਾਹਾਵਾਂ ਹੋਣ ਲੱਗੀਆਂ ਕਿ ਗੁਰੂ ਅਰਜਨ ਦੇ ਵਧਦੇ ਹੋਏ ਅਸਰ ਨੂੰ ਕਿਸ ਤਰ੍ਹਾਂ ਰੋਕਿਆ ਜਾਵੇ।ਦਿੱਲੀ ਦੀ ਹਕੂਮਤ ਨੂੰ ਵੀ ਇਸ ਗੱਲ ਦਾ ਫ਼ਿਕਰ ਹੋਣ ਲੱਗਾ, ਜਿਸ ਦੇ ਤਖ਼ਤ ਤੇ ਉਸ ਵੇਲੇ ਜਹਾਂਗੀਰ ਬੈਠ ਚੁੱਕਾ ਸੀ।ਅਕਬਰ ਦੇ ਵਿਚਾਰਾ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਕਾਫ਼ੀ ਨੇੜੇ ਲੈ ਆਂਦਾ ਸੀ, ਖਾਸ ਕਰ ਜੰਗਜੂ ਰਾਜਪੂਤ ਤਾਂ ਬਹੁਤ ਹੀ ਨੇੜੇ ਆ ਗਏ ਸਨ। ਪਰ ਇਸ ਮੇਲ ਮਿਲਾਪ ਤੋਂ ਤੰਗਦਿਲ ਮੌਲਵੀ ਬਹੁਤ ਔਖੇ ਸਨ। ਜਿਸ ਤਰ੍ਹਾਂ ਅੱਜ ਵੀ ਜੇਕਰ ਸਾਧਾਰਨ ਹਿੰਦੂ ਅਤੇ ਸਿੱਖ ਮਿਲ ਕੇ ਬਹਿਣ ਤਾਂ ਉਹਨਾਂ ਤੰਗ ਦਿਲ ਹਿੰਦੂਆਂ ਅਤੇ ਸਿੱਖਾਂ ਨੂੰ ਤਕਲੀਫ਼ ਹੋਏਗੀ ਜੋ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਕਹਿੰਦੇ ਹਨ। ਇਹ ਤੰਗ ਦਿਲ ਮੌਲਵੀ ਅਕਬਰ ਦੇ ਰੋਹਬ ਥੱਲੇ ਤਾਂ ਦੱਬੇ ਹੋਏ ਸਨ, ਆਵਾਜ਼ ਉਚੀ ਨਹੀਂ ਸਨ ਕਰਦੇ, ਪਰ ਉਹਦੇ ਅੱਖਾਂ ਮੀਟਦਿਆਂ ਹੀ ਉਹਨਾਂ ਨੇ ਆਪਣਾ ਜ਼ਹਿਰੀਲਾ ਪ੍ਰਚਾਰ ਸ਼ੁਰੂ ਕਰ ਦਿੱਤਾ। ਉਸ ਦਾ ਅਸਰ ਜਹਾਂਗੀਰ 'ਤੇ ਬੜਾ ਪਿਆ। ਜਹਾਂਗੀਰ ਦੇ ਆਪਣੇ ਘਰ ਵਿਚ ਬੜੀ ਫੁੱਟ ਸੀ, ਕਿਸੇ ਵੇਲੇ ਵੀ ਝਗੜਾ ਹੋਣ ਦਾ ਖ਼ਤਰਾ ਸੀ। ਇਸ ਲਈ ਉਸ ਨੇ ਇਸਲਾਮ ਦੀ ਪ੍ਰਚਾਰਕ ਸ਼੍ਰੇਣੀ ਮੁਲਾਂ ਮੌਲਾਣਿਆਂ ਨੂੰ ਖੁਸ਼

ਕਰਨ ਦਾ ਰਾਹ ਅਪਣਾ ਲਿਆ। ਦੂਜੇ ਸਿੱਖਾਂ ਦੀ ਮਜ਼ਬੂਤ ਜਥੈਬੰਦੀ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਜਹਾਂਗੀਰ ਦੀ ਅੱਖਾਂ ਵਿਚ ਰੜਕਣ ਲੱਗ ਪਈ ਸੀ। ਉਹ ਚਾਹੁੰਦਾ ਸੀ ਕਿ ਸਿੱਖਾਂ ਦੀ ਹਸਤੀ ਮਿਟ ਜਾਏ, ਪਰ ਬਿਨਾ ਕਿਸੇ ਬਹਾਨੇ ਦੇ ਧੱਕਾ ਕਰਕੇ ਉਹ ਜ਼ਾਲਮ ਵੀ ਨਹੀਂ ਅਖਵਾਉਣਾ ਚਾਹੁੰਦਾ ਸੀ। ਤੇ ਉਹ ਬਹਾਨਾ ਉਸ ਨੂੰ ਖੁਸਰੋ ਦੀ ਬਗ਼ਾਵਤ ਦੀ ਸ਼ਕਲ ਵਿਚ ਜਲਦੀ ਹੀ ਮਿਲ ਗਿਆ। ਉਸ ਦੇ ਦਿਲ ਵਿਚ ਕੀ ਬੀਤਦੀ ਸੀ, ਉਸ ਦਾ ਪ੍ਰਮਾਣ ਤਾਂ ਤੁਜ਼ਕਿ ਜਹਾਂਗੀਰ ਵਿਚ ਜਹਾਂਗੀਰ ਦੀ ਕਲਮ ਤੋਂ ਮਿਲਦਾ ਹੈ, ਤੱਤੀ ਤਵੀ ਦੀ ਕਹਾਣੀ ਵਿਚ ਜਹਾਂਗੀਰ ਨੂੰ ਮਿਲਣਾ ਬੜਾ ਜ਼ਰੂਰੀ ਏ।

*(ਬਾਬਾ ਇਕ ਪਾਸੇ ਚੱਲਣ ਲਗਦਾ ਹੈ ਤਾਂ ਭਾਈ ਸੁਥਰਾ ਸਾਹਮਣੇ ਟਕਰਾਉਂਦੇ ਹਨ।)*

ਭਾਈ ਸੁਥਰਾ : ਬਾਬਾ ਜੀ ਕਿੱਧਰ ਤੁਰ ਪਏ ਹੋ ?

ਬਾਬਾ : ਮੈਂ ਸ਼ਹਿਨਸ਼ਾਹ ਜਹਾਂਗੀਰ ਦੇ ਖੇਮੇ ਚਲਿਆਂ ਹਾਂ, ਪਰ ਮੈਂ ਤੇਰੇ ਨਾਲ ਨਹੀਂ ਬੋਲਦਾ, ਤੂੰ ਮੇਰੇ ਨਾਲ ਗੱਲ ਨਾ ਕਰ।

ਭਾਈ ਸੁਥਰਾ : ਕਿਉਂ ?

ਬਾਬਾ : ਤੈਨੂੰ ਘਲਿਆ ਸੀ ਲਾਹੌਰ ਦੇ ਦਰਬਾਰ ਸਭ ਕੁਝ ਵੇਖਣ ਸੁਣਨ ਲਈ ਤੇ ਤੂੰ ਸਚਮੁਚ ਉਥੋਂ ਦਾ ਦਰਬਾਰੀ ਬਣ ਗਿਆ। ਸਲਹੀ ਖਾਨ ਤੋਂ ਵੱਧ ਤੂੰ ਗੁਰੂ ਅਰਜਨ ਦੇਵ ਦੀਆਂ ਚੁਗਲੀਆਂ ਕੀਤੀਆਂ।

ਭਾਈ ਸੁਥਰਾ : ਉਹ ਤਾਂ ਬਾਬਾ ਜੀ ਸੁਲਹੀ ਖਾਨ ਤੋਂ ਕੁਝ ਪੈਸੇ ਬਟੋਰਨ ਦੀ ਚਾਲ ਸੀ, ਨਹੀਂ ਤਾਂ ਉਹਨੇ ਪ੍ਰਿਥੀ ਚੰਦ ਦੀ ਦਿੱਤੀ ਦੌਲਤ ਇਕੱਲਿਆਂ ਹੀ ਹੜੱਪ ਕਰ ਜਾਣੀ ਸੀ ਤੇ ਇਹ ਦੌਲਤ ਕੋਈ ਮੂਰਖ ਦੌਲਤ ਨਹੀਂ ਸੀ, ਸਿੱਖਾਂ ਦੀ ਹੀ ਲਹੂ ਪਸੀਨੇ ਦੀ ਕਮਾਈ ਸੀ।

ਬਾਬਾ : ਪਰ ਤੂੰ ਪੈਸਾ ਕਰਨਾ ਕੀ ਏ ?

ਭਾਈ ਸੁਥਰਾ : ਗੁਰੂ ਦੇ ਲੰਗਰ ਲਈ ਦੇਣਾ ਏ। ਸੁਣਿਆ ਏ ਪ੍ਰਿਥੀ ਦੀਆਂ ਚਾਲਾਂ ਕਰਕੇ ਗੁਰੂ ਦਾ ਲੰਗਰ ਕਈ ਵਾਰ ਮਸਤਾਨਾ ਹੋਣ ਦੀ ਹਾਲਤ ਤਕ ਪੁੱਜ ਜਾਂਦਾ ਹੈ। ਕਹਿੰਦੇ ਨੇ ਆਈ ਸੰਗਤ ਦੀ ਭੇਟਾ ਪ੍ਰਿਥੀਏ ਦੇ ਮਸੰਦ ਸਾਂਭ ਲੈਂਦੇ ਹਨ ਤੇ ਲੰਗਰ ਵੇਲੇ ਗੁਰੂ ਅਰਜਨ ਦੇਵ ਦੇ ਡੇਰੇ ਭੇਜੇ ਦੇਂਦੇ ਨੇ।

ਬਾਬਾ : ਪਰ ਕੁਝ ਵੀ ਹੋਵੇ, ਇਹ ਝੂਠ ਦੀ ਕਮਾਈ ਗੁਰੂ ਦੇ ਲੰਗਰ ਲਈ ਠੀਕ ਨਹੀਂ।

ਭਾਈ ਸੁਥਰਾ : ਤੁਸੀਂ ਵੀ ਬਾਬਾ ਜੀ ਭੋਲੀਆਂ ਗੱਲਾਂ ਕਰਦੇ ਹੋ। ਅਖੇ ਝੂਠ ਦੀ ਕਮਾਈ

ਨਹੀਂ ਗੁਰੂ ਦੇ ਲੰਗਰ ਵਿਚ ਜਾਣੀ ਚਾਹੀਦੀ। ਬਹੁਤੇ ਵਪਾਰੀ ਦਿਨੇ ਝੂਠ ਦੀ ਕਮਾਈ ਕਰਦੇ ਨੇ ਤੇ ਸ਼ਾਮ ਨੂੰ ਉਹਦਾ ਕੁਝ ਹਿੱਸਾ ਗੁਰੂ ਦੇ ਦੁਆਰ ਜਾਂ ਗੁਰੂ ਦੇ ਲੰਗਰ ਚੜ੍ਹਾ ਕੇ ਸਿੱਖੀ ਸੇਵਾ ਦਾ ਫੁਲ ਪੱਗ ਵਿਚ ਟੁੰਗ ਲੈਂਦੇ ਨੇ

ਬਾਬਾ : ਭਾਈ ਸੁਥਰਿਆ, ਇਸ ਨੇ ਤਾਂ ਸਿੱਖੀ ਨੂੰ ਢਾਅ ਲਾਉਣੀ ਏ। ਗੁਰੂ ਦੀ ਸਿੱਖੀ ਤਾਂ ਪਲਮਦੀ ਹੀ ਨੇਕ ਕਮਾਈ ਤੇ ਹੈ:

ਘਾਲਿ ਕਰ ਕੁਝ ਹਥੁ ਦੇਹ
ਨਾਨਕ ਰਾਹ ਪਛਾਣੈ ਸੇਹ

ਹੱਥੀਂ ਕਿਰਤ ਕਰਕੇ ਜੇ ਦਸਵੰਧ ਗੁਰੂ ਦੀ ਭੇਟ ਕਰੀਏ ਤਾਂ ਉਹੀ ਸਫ਼ਲ ਕਮਾਈ ਏ। ਅੱਛਾ ਹੁਣ ਮੈਂ ਜਹਾਂਗੀਰ ਸ਼ਹਿਨਸ਼ਾਹ ਕੋਲ ਪੁੱਜਣਾ ਏ।

ਭਾਈ ਸੁਥਰਾ : ਮੈਨੂੰ ਵੀ ਨਾਲ ਲੈ ਚੱਲੋ।

ਬਾਬਾ : ਅੱਗੋਂ ਲਾਹੌਰ ਦੇ ਦਰਬਾਰ ਵਿਚ ਬੜੀਆਂ ਪੂਰੀਆਂ ਪਾ ਆਇਆਂ ਏਂ, ਜੋ ਹੁਣ ਮੁਗ਼ਲ ਬਾਦਸ਼ਾਹ ਨੂੰ ਮਿਲਣ ਜਾਣਾ ਏ।

ਭਾਈ ਸੁਥਰਾ : ਬਾਬਾ ਜੀ ਤੁਸੀਂ ਵੀ ਮੇਰੇ ਨਾਲ ਬੜੀ ਸੁਥਰੀ ਕਰਦੇ ਹੋ, ਜੇ ਲਾਹੌਰ ਦੇ ਛੋਟੇ ਦਰਬਾਰ ਜਾਣਾ ਹੋਵੇ ਤਾਂ ਭਾਈ ਸੁਥਰਿਆ ਤੂੰ ਚਲਾ ਜਾ, ਜਦੋਂ ਦਿੱਲੀ ਦੇ ਬਾਦਸ਼ਾਹ ਨੂੰ ਮਿਲਣ ਜਾਣਾ ਹੋਵੇ ਤਾਂ ਸੁਥਰਿਆ ਤੇਰੀ ਲੋੜ ਨਹੀਂ, ਮੈਂ ਤਾਂ ਜ਼ਰੂਰ ਜਾਵਾਂਗਾ।

ਬਾਬਾ : ਚਲ ਲੈ ਚਲਦੇ ਹਾਂ, ਪਰ ਕਿ ਸ਼ਰਤ ਤੇ ਉਥੇ ਕੋਈ ਯੱਬਲੀ ਨਾ ਮਾਰੀਂ। ਜ਼ਬਾਨ ਸੀਂ ਕੇ ਰੱਖੀਂ ਤੇ ਖੇਮੇ ਦੇ ਬਾਹਰ ਹੀ ਰਹੀ-ਮਨਜ਼ੂਰ ਏ।

ਭਾਈ ਸੁਥਰਾ : ਮਨਜ਼ੂਰ ਏ।

ਬਾਬਾ : ਚਲ ਫੇਰ।

*(ਹਨੇਰਾ)*

## ਸੀਨ 5

ਪਾਤਰ : ਜਹਾਂਗੀਰ, ਨਵਾਬ

*(ਜਹਾਂਗੀਰ ਲਾਹੌਰ ਦੇ ਨਵਾਬ ਨਾਲ ਗੱਲ ਕਰਦਾ ਹੋਇਆ ਦਾਖ਼ਲ ਹੁੰਦਾ ਹੈ)*

ਜਹਾਂਗੀਰ : ਤੈਨੂੰ ਪਤਾ ਏ, ਗੋਇੰਦਵਾਲ ਵਿਚ ਜੋ ਬਿਆਸ ਦਰਿਆ ਦੇ ਕੰਢੇ 'ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮੇ ਇਕ ਹਿੰਦੂ ਹੈ।

ਨਵਾਬ : ਜਨਾਬ ਪਤਾ ਏ ?

ਜਹਾਂਗੀਰ : ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ, ਸਗੋਂ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣਾ ਮੁਰੀਦ ਬਣਾਇਆ ਹੋਇਆ ਹੈ ਤੇ ਆਪਣੀ ਬਜ਼ੁਰਗੀ ਤੇ ਖ਼ੁਦਾ ਨਾਲ ਨਜ਼ਦੀਕੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਏ।

ਨਵਾਬ : ਹਾਂ ਬਾਦਸ਼ਾਹ ਸਲਾਮਤ, ਲੋਕ ਉਸ ਨੂੰ ਗੁਰੂ ਕਹਿੰਦੇ ਨੇ।

ਜਹਾਂਗੀਰ : ਹਾਂ ਲੋਕ ਉਸ ਨੂੰ ਗੁਰੂ ਕਹਿੰਦੇ ਨੇ, ਸਾਰਿਆਂ ਪਾਸਿਆਂ ਤੋਂ ਫਰੇਬ ਦੇ ਪੁਜਾਰੀ ਉਸ ਪਾਸ ਆਉਂਦੇ ਨੇ ਤੇ ਉਸ ਉਤੇ ਪੂਰਾ ਇਤਕਾਦ ਜ਼ਾਹਰ ਕਰਦੇ ਨੇ।

ਨਵਾਬ : ਬਹੁਤ ਇਤਕਾਦ ਕਰਦੇ ਨੇ ਆਲਮ ਪਨਾਹ। ਉਹਦੇ ਮੰਨਣ ਵਾਲੇ ਆਪਣੇ ਦੁਖ ਸੁਖ ਦਾ ਉਹਨੂੰ ਹੀ ਮਾਲਕ ਬਣਾਉਂਦੇ ਨੇ। ਉਹ ਆਪਣੇ ਦਰਮਿਆਨ ਕੋਈ ਝਗੜਾ ਹੋਵੇ ਤਾਂ ਫੈਸਲਾ ਵੀ ਉਹਦੇ ਕੋਲੋਂ ਕਰਵਾਉਂਦੇ ਨੇ।

ਜਹਾਂਗੀਰ : ਤੈਨੂੰ ਪਤਾ ਏ ਚਾਰ ਪੀੜ੍ਹੀਆਂ ਤੋਂ ਉਨਾਂ ਦੀ ਇਹ ਦੁਕਾਨ ਗਰਮ ਏ।

ਨਵਾਬ : ਹਾਂ ਜਨਾਬ, ਗੁਰੂ ਨਾਨਕ ਤੋਂ ਬਾਅਦ ਇਹ ਚੌਥੇ ਗੁਰੂ ਨੇ ਜਾਂ ਇਹ ਕਹਿ ਲਵੋ ਆਪਣੇ ਸਿੱਖਾਂ ਦੇ ਪੰਜਵੇਂ ਗੁਰੂ ਨੇ।

ਜਹਾਂਗੀਰ : ਕਿੰਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦੈ ਤੇ ਇਸ ਅਰਜਨ ਨੂੰ ਮੁਸਲਮਾਨ ਮਤ ਵਿਚ ਲਿਆਉਣਾ ਚਾਹੀਦਾ ਹੈ।

ਨਵਾਬ : ਬਾਦਸ਼ਾਹ ਸਲਾਮਤ ਅਗਰ ਉਹ ਮੁਸਲਮਾਨ ਬਣ ਜਾਏ ਤਾਂ ਪੰਜਾਬ ਵਿਚ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਬੜੀਆਂ ਪੱਕੀਆਂ ਹੋ ਜਾਣ।

ਜਹਾਂਗੀਰ : ਤੂੰ ਪੱਕੀਆਂ ਦੀ ਗਲ ਕਰ ਰਿਹਾ ਏਂ ਤੇ ਇਸ ਫਕੀਰ ਆਦਮੀ ਦੀ ਇਹ ਜੁਰਅੱਤ ਕਿ ਇਹ ਬਾਗੀ ਸ਼ਹਿਜ਼ਾਦਾ ਖੁਸਰੋ ਨੂੰ ਆਪਣੇ ਮਤ ਵਿਚ ਲਿਆਉਣਾ ਚਾਹੁੰਦਾ ਸੀ। ਇਹ ਉਸ ਦੇ ਹਿੰਦੁਸਤਾਨ ਦੇ ਤਖ਼ਤ ਤੇ ਆਪਣੇ ਕਬਜ਼ੇ ਦੇ ਸੁਪਨੇ ਲੈਂਦਾ ਸੀ। ਪਤਾ ਈ ਉਹਨੇ ਕੀ ਕੀਤਾ ?

ਨਵਾਬ : ਕੀ ਕੀਤਾ ਆਲਮ ਪਨਾਹ ?

ਜਹਾਂਗੀਰ : ਕੇਸਰ ਨਾਲ ਉਹਦੇ ਮੱਥੇ 'ਤੇ ਤਿਲਕ ਲਗਾਇਆ, ਜਿਸ ਤਰ੍ਹਾਂ ਰਾਜਪੂਤ ਰਾਜੇ ਤਿਲਕ ਲਗਾਉਂਦੇ ਨੇ ਕਿਸੇ ਨੂੰ ਰਾਜਾ ਬਣਾਉਣ ਲਈ। ਕੀ ਇਹੋ ਜਿਹੇ ਹਕੂਮਤ ਦੁਸ਼ਮਣ ਬੰਦੇ ਨੂੰ ਹੁਣ ਮੁਆਫ਼ ਕੀਤਾ ਜਾ ਸਕਦੈ ? ਨਹੀਂ, ਇਸ ਲਈ ਮੁਰਤਜ਼ਾ ਖਾਨ ਤੈਨੂੰ ਇਹ ਹੁਕਮ ਹੈ ਕਿ ਇਸ ਨੂੰ ਐਸੇ ਤਸੀਹੇ ਦੇ ਕੇ ਕਤਲ ਕੀਤਾ ਜਾਵੇ ਕਿ ਲੋਕਾਂ

ਨੂੰ ਇਲਮ ਹੋ ਜਾਏ ਕਿ ਜਿਹੜਾ ਹਕੂਮਤ ਦੇ ਬਾਗੀਆਂ ਨੂੰ ਪਨਾਹ ਦੇਂਦਾ ਹੈ, ਹਕੂਮਤ ਉਹਦੇ ਨਾਲ ਕੀ ਸਲੂਕ ਕਰਦੀ ਏ।

ਨਵਾਬ : ਇਸੇ ਤਰ੍ਹਾਂ ਹੀ ਕੀਤਾ ਜਾਏਗਾ।

ਜਹਾਂਗੀਰ : ਹਾਂ ਅਗਰ ਉਹ ਮੁਸਲਮਾਨ ਬਣ ਜਾਏ ਜਾਂ ਆਪਣੀ ਕਿਤਾਬ ਵਿਚ ਜਿਸ ਵਿਚ ਪੀਰਾਂ ਫਕੀਰਾਂ ਅਤੇ ਸੰਤ ਸਾਧੂ ਲੋਕਾਂ ਦੀ ਬਾਣੀ ਇਕੱਠੀ ਕੀਤੀ ਹੈ, ਉਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ਼ ਵਿਚ ਕੁਝ ਸ਼ੇਅਰ ਲਿਖ ਦੇਵੇ ਤਾਂ ਅਸੀਂ ਉਸ ਨੂੰ ਮੁਆਫ਼ ਕਰ ਸਕਦੇ ਹਾਂ।

ਨਵਾਬ : ਇਹ ਕੋਸ਼ਿਸ਼ ਕੀਤੀ ਜਾਵੇਗੀ ਆਲਮ ਪਨਾਹ।

ਜਹਾਂਗੀਰ : ਅਸੀਂ ਇਥੇ ਬਹੁਤ ਚਿਰ ਨਹੀਂ ਠਹਿਰਨਾ, ਪਰ ਸਾਨੂੰ ਦਿੱਲੀ ਇਸ ਬਾਰੇ ਪੂਰੀ ਇਤਲਾਹ ਦਿੱਤੀ ਜਾਏ। ਹਾਂ ਯਾਦ ਆਇਆ ਸਾਡੇ ਦੀਵਾਨ ਚੰਦੂ ਨੂੰ ਵੀ ਉਹਦੇ ਨਾਲ ਕੋਈ ਸ਼ਿਕਾਇਤ ਹੈ।

ਨਵਾਬ : ਹਾਂ ਜਨਾਬ, ਦੀਵਾਨ ਜੀ ਨੇ ਆਪਣੀ ਬੇਟੀ ਦੀ ਸ਼ਾਦੀ ਇਹਨਾਂ ਦੇ ਲੜਕੇ ਹਰਗੋਬਿੰਦ ਨਾਲ ਕਰਨ ਦੀ ਤਜਵੀਜ਼ ਕੀਤੀ, ਇਹਨਾਂ ਠੁਕਰਾ ਦਿੱਤੀ।

ਜਹਾਂਗੀਰ : ਇਸ ਹਕੀਰ ਬੰਦੇ ਨੇ ਸਾਡੇ ਦੀਵਾਨ ਦੀ ਲੜਕੀ ਦਾ ਰਿਸ਼ਤਾ ਨਹੀਂ ਮਨਜ਼ੂਰ ਕੀਤਾ। ਤੂੰ ਕੁਝ ਸਮਝਿਆ ? ਨਹੀਂ ਸਮਝਿਆ। ਇਹ ਇਸੇ ਲਈ ਨਹੀਂ ਕੀਤਾ ਕਿ ਚੰਦੂ ਮੁਗਲ ਦਰਬਾਰ ਦਾ ਅਹਿਲਕਾਰ ਹੈ ਅਤੇ ਇਹ ਅਰਜਨ ਦੇਵ ਮੁਗ਼ਲ ਦਰਬਾਰ ਦਾ ਰਿਸ਼ਤਾ ਠੁਕਰਾ ਕੇ ਸਾਨੂੰ ਨੀਚਾ ਵਿਖਾਉਣਾ ਚਾਹੁੰਦਾ ਏ।

ਨਵਾਬ : ਜਨਾਬ ਮੈਂ ਸੁਣਿਐ ਕਿ ਦੀਵਾਨ ਜੀ ਦੀ ਲੜਕੀ ਦੇ ਰਿਸ਼ਤੇ ਬਾਰੇ ਗੁਰੂ ਅਰਜਨ ਦੇਵ ਜੀ ਨੇ ਕਿਸੇ ਵੇਲੇ ਇਹ ਲਫ਼ਜ਼ ਇਸਤੇਮਾਲ ਕੀਤੇ ਸਨ ਕਿ ਉਹ ਚੁਬਾਰੇ ਦੀ ਇੱਟ ਮੋਰੀ ਨੂੰ ਨਹੀਂ ਲਗਾਉਣਾ ਚਾਹੁੰਦੇ।

ਜਹਾਂਗੀਰ : ਦੀਵਾਨ ਜੀ ਨੇ ਠੀਕ ਹੀ ਕਿਹਾ, ਉਹ ਹੈ ਹੀ ਮੋਰੀ। ਖ਼ੈਰ ਤੁਸੀਂ ਅਰਜਨ ਦੇਵ ਨੂੰ ਕੈਦ ਕਰਕੇ ਦੀਵਾਨ ਚੰਦੂ ਦੇ ਹਵਾਲੇ ਕਰ ਦੇਣੈ। ਉਹ ਜੋ ਵੀ ਇਹਦੇ ਨਾਲ ਸਲੂਕ ਕਰਨਾ ਚਾਹੇ ਕਰ ਸਕਦਾ ਹੈ ਇਕ ਹਿੰਦੂ ਦੂਜੇ ਹਿੰਦੂ ਦੇ ਹਥੋਂ ਹੀ ਮਰਵਾਇਆ ਜਾਏ ਤਾਂ ਠੀਕ ਰਹੇਗਾ। ਹਾਂ ਦੀਵਾਨ ਚੰਦੂ ਨੂੰ ਸਾਡੀਆਂ ਦੋ ਸ਼ਰਤਾਂ ਦੱਸ ਦਿੱਤੀਆਂ ਜਾਣ, ਅਗਰ ਉਹ ਮੰਨ ਜਾਏ ਤਾਂ ਬਾਇੱਜ਼ਤ ਰਿਹਾਅ ਕਰ ਦਿੱਤਾ ਜਾਵੇ, ਅਗਰ ਨਾ ਮੰਨੇ ਤਾਂ ਉਸ ਨੂੰ ਕੋਈ ਇਬਰਤਨਾਕ ਮੌਤ ਦਿੱਤੀ ਜਾਏ।

*(ਬਾਦਸ਼ਾਹ ਜਾਣ ਲਈ ਮੁੜਦਾ ਹੈ ਅਤੇ ਬਾਬਾ ਜੀ ਦੀ ਆਵਾਜ਼ ਆਉਂਦੀ ਹੈ)*

## ਸੀਨ 6

ਬਾਬਾ : ਇਜ਼ੱਤ ਵਧਦੀ ਦੇਖ ਕੇ ਗੁਰੂ ਅਰਜਨ ਦੇਵ ਦੀ
ਬਾਦਸ਼ਾਹ ਗੁੱਸੇ ਵਿਚ ਆਇਆ ਜੀ
ਕਤਲ ਕਰੋ ਇਹਨੂੰ ਬਹੁਤ ਦੁਖ ਦੇ ਕੇ
ਆ ਕੇ ਸ਼ਹਿਰ ਵਿਚ ਹੁਕਮ ਸੁਣਾਇਆ ਜੀ
ਸ਼ਾਂਤੀ ਮਿਲਵਰਤਨ ਦਾ ਜੋ ਸੀ ਪੁਜਾਰੀ
ਵੇਖੋ ਵਸ ਚੰਡਾਲਾਂ ਦੇ ਪਾਇਆ ਜੀ
ਲੋਕੋ ਹੁਕਮ ਦੇ ਕੇ ਜਹਾਂਗੀਰ ਜ਼ਾਲਮ
ਆਪ ਦਿੱਲੀ ਵਲ ਸਿਧਾਇਆ ਜੀ

ਜਹਾਂਗੀਰ : (ਰੁਕ ਕੇ) ਇਹ ਕਿਸਦੀ ਆਵਾਜ਼ ਹੈ।

ਬਾਬਾ : ਬੰਦੇ ਨੂੰ ਦਰਵੇਸ਼ ਬਾਬਾ ਕਹਿੰਦੇ ਨੇ

ਜਹਾਂਗੀਰ : ਤੂੰ ਆਪਣੇ ਸ਼ਿਅਰ ਵਿਚ ਸਾਨੂੰ ਜ਼ਾਲਮ ਆਖਿਆ ਏ, ਕਿਉਂ ?

ਬਾਬਾ : ਦਰਵੇਸ਼ ਜ਼ਾਲਮ ਨੂੰ ਜ਼ਾਲਮ ਹੀ ਆਖੇਗਾ। ਸੁਣਿਆ ਕਰਦੇ ਸਾਂ ਕਿ ਬਾਦਸ਼ਾਹ ਜਹਾਂਗੀਰ ਦਾ ਬੜਾ ਇਨਸਾਫ਼ ਹੈ, ਅਦਲਿ ਜਹਾਂਗੀਰ ਦੀ ਤੱਕੜੀ ਵਿਚ ਕਦੀ ਪਾਸਕੂ ਨਹੀਂ ਹੁੰਦਾ, ਪਰ ਅਸੀਂ ਤਾਂ ਪਾਸਕੂ ਹੀ ਪਾਸਕੂ ਵੇਖਿਆ।

ਜਹਾਂਗੀਰ : ਕੀ ਪਾਸਕੂ ਵੇਖਿਆ ?

ਬਾਬਾ : ਪਹਿਲਾ ਪਾਸਕੂ ਵੇਖਿਆ ਜਦੋਂ ਬਾਪ ਨੇ ਬੇਟੇ ਦਾ ਇਨਸਾਫ਼ ਕੀਤਾ। ਖੁਸਰੋ ਸ਼ਹਿਜ਼ਾਦਾ ਸੀ, ਉਹ ਬਾਗੀ ਸੀ, ਉਹਦੇ ਨਾਲ ਜਿਨਾਂ ਨੇ ਸਾਥ ਦਿੱਤਾ, ਉਹ ਵੀ ਬਾਗੀ ਸਨ ਪਰ ਜਦੋਂ ਬਗਾਵਤ ਨਾਕਾਮਯਾਬ ਹੋਈ ਤਾਂ ਸ਼ਹਿਜ਼ਾਦਾ ਖੁਸਰੋ ਦੀ ਸਜ਼ਾ ਸੀ ਸਿਰਫ਼ ਨਜ਼ਰਬੰਦੀ ਅਤੇ ਉਹਦੇ ਸਾਥੀਆਂ ਦੀ ਸਜ਼ਾ ਸੀ ਖਲਾਂ ਵਿਚ ਮੜ ਕੇ ਤਸੀਹੀਆਂ ਭਰੀ ਮੌਤ। ਗੁਰੂ ਅਰਜਨ ਦਾ ਡੇਰਾ ਰੱਬ ਨੂੰ ਪਿਆਰ ਕਰਨ ਵਾਲਿਆਂ ਦਾ ਡੇਰਾ ਹੈ, ਉਹਦੀ ਖਲਕਤ ਨੂੰ ਪਿਆਰ ਕਰਨ ਵਾਲਿਆਂ ਦਾ ਹੈ। ਸ਼ਹਿਜ਼ਾਦਾ ਖੁਸਰੋ ਉਥੇ ਆਇਆ, ਭੁੱਖਾ ਸੀ, ਉਹਨੂੰ ਖਾਣਾ ਦਿੱਤਾ ਗਿਆ, ਲੋੜਵੰਦ ਦੀ ਲੋੜ ਪੂਰੀ ਕੀਤੀ ਗਈ। ਇਸ ਦਾ ਦੋਸ਼ੀ ਠਹਿਰਾਇਆ ਗਿਆ ਗੁਰੂ ਅਰਜਨ ਦੇਵ ਜੀ ਨੂੰ। ਜੇਕਰ ਕੋਈ ਪਿਆਸਾ ਖੂਹ 'ਤੇ ਆਵੇ ਕੀ ਇਹ ਖੂਹ ਦਾ ਫਰਜ਼ ਨਹੀਂ ਉਹ ਉਸ ਨੂੰ ਪਾਣੀ ਦੇਵੇ ? ਅੱਜ ਜੋ ਤੂੰ ਹੁਕਮ ਦਿੱਤਾ ਏ ਉਹਨੇ ਮੁਗਲ ਹਕੂਮਤ ਤੇ ਲੋਕਾਂ ਦੇ ਦਰਮਿਆਨ ਇਕ ਲੀਕ ਖਿੱਚ ਦਿੱਤੀ ਹੈ। ਇਹ ਇਕ ਸੰਘਰਸ਼ ਦਾ ਆਗਾਜ਼ ਹੈ ਜੋ ਪੁਸ਼ਤ ਦਰ ਪੁਸ਼ਤ ਚਲਦਾ

ਹੋਇਆ ਇਕ ਨਵੇਂ ਇਤਿਹਾਸ ਨੂੰ ਜਨਮ ਦੇਵੇਗਾ।

ਜਹਾਂਗੀਰ : ਦਰਵੇਸ਼ ਬਾਬਾ, ਤੁਸੀਂ ਆਪਣੀ ਹੱਦ ਤੋਂ ਬਾਹਰ ਜਾ ਰਹੇ ਹੋ। ਇਹ ਹਕੂਮਤਾਂ ਦੇ ਮਾਮਲੇ ਨੇ ਹਿਕਮਤ ਅਮਲੀ ਨਾਲ ਹੱਲ ਕੀਤੇ ਜਾਂਦੇ ਹਨ, ਕੁਝ ਵੀ ਹੋਵੇ ਇਹ ਝੂਠ ਦੀ ਦੁਕਾਨ ਬੰਦ ਹੋਣੀ ਹੀ ਚਾਹੀਦੀ ਹੈ।

ਬਾਬਾ : ਬਾਦਸ਼ਾਹ ਸਲਾਮਤ, ਦੁਕਾਨ ਝੂਠ ਦੀ ਕਿਹੜੀ ਹੈ, ਸੱਚ ਦੀ ਕਿਹੜ ਹੈ, ਇਸ ਦਾ ਫ਼ੈਸਲਾ ਤਾਂ ਆਉਣ ਵਾਲਾ ਸਮਾਂ ਹੀ ਕਰੇਗਾ। ਬਸ ਇਤਨੀ ਜ਼ਰੂਰ ਪੇਸ਼ੀਨਗੋਹੀ ਕਰਾਗਾ ਕਿ ਇਸ ਸ਼ਹਾਦਤ ਦੇ ਬਾਅਦ ਗੁਰੂ ਨਾਨਕ ਦਾ ਇਹ ਡੇਰਾ ਸਿਰਫ਼ ਸੰਤਾਂ ਦਾ ਡੇਰਾ ਨਹੀਂ ਰਹੇਗਾ ਸਗੋਂ ਇਹ ਡੇਰਾ ਉਹਨਾਂ ਲੋਕਾਂ ਦਾ ਹੋਵੇਗਾ, ਜੋ ਸੰਤ ਵੀ ਹੋਣਗੇ ਤੇ ਸਿਪਾਹੀ ਵੀ ਹੋਣਗੇ। ਜੇ ਉਹਨਾਂ ਦੇ ਇਕ ਹੱਥ ਵਿਚ ਸਿਮਰਨ ਹੋਏਗਾ ਤਾਂ ਦੂਜੇ ਹੱਥ ਵਿਚ ਤਲਵਾਰ ਵੀ ਹੋਵੇਗੀ।

ਜਹਾਂਗੀਰ : ਵੇਖੀ ਜਾਵੇਗੀ।

*(ਜਹਾਂਗੀਰ ਗੁੱਸੇ ਨਾਲ ਬਾਹਰ ਜਾਂਦਾ ਹੈ।)*